ਮਾਸਕ ਪੱਤਰ

ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ

MAY 1993



ਮਈ ੧੯੯੩

www.AKJ.Org

# ਤ ਤ ਕ ਰਾ


| | | |
|---|---|---|
| ਜਨ ਪਰਉਪਕਾਰੀ ਆਏ | ੩ | ਸੂਹੀ ਮਹਲਾ ੫ |
| ਸਿੱਖ ਸ਼ਹੀਦਾਂ ਦੀ ਸ਼ਾਂਤ ਲੀਲ੍ਹਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਆਤਮ-ਸਮਰਪਣ | ੬ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਹਜ ਰਤਨ ਵਾਹਿਗੁਰੂ ਦਾ ਨਾਮ | ੧੧ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ ਅਰਜਨ ਦੇਵ ਜੀ ਦਾ ਜੀਵਨ ਸਿਧਾਂਤ | ੧੨ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਕਿਰਤ-ਕਰਮ | ੧੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਿੱਖ ਕੌਮ ਦਾ ਵਿਕਾਸ (੩) | ੧੯ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਅੱਜ ਅਸੀਂ ਕੀ ਕਰ ਰਹੇ ਹਾਂ ? | ੨੪ | ਗੁਰਮਤਿ ਪ੍ਰਚਾਰ ਸਭਾ, ਪਟਿਆਲਾ |
| ਤੁਹਾਡੀ ਖੁਰਾਕ ਮਾਸਾਹਾਰੀ ਜਾਂ ਵੈਸ਼ਨੋ ? | ੨੫ | ਸ: ਗੁਰਚਰਨ ਸਿੰਘ ਮੋਹੇ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੬) | ੨੭ | — — — |
| ਪੂਰਨ ਗੁਰਸਿਖ ਦਾ ਪਹਿਲਾ ਦਰਸ਼ਨ | ੩੧ | ਭਾਈ ਜੋਧ ਸਿੰਘ ਜੀ |
| ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਤੱਥ | ੩੭ | ਕੈਪਟਨ ਸਵਰਨ ਸਿੰਘ ਜੀ |
| ਮਨ ਨੀਵਾਂ, ਮਤਿ ਉੱਚੀ | ੪੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸਿਖ ਧਰਮ ਵਿਚ ਔਰਤ ਦਾ ਦਰਜਾ | ੪੬ | ਸ: ਮਦਨ ਸਿੰਘ ਜੀ ਯੂ.ਕੇ. |
| ਇਕ ਭੁਲੇਖੇ ਦਾ ਸਮਾਧਾਨ | ੪੯ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਅਮਰ ਸ਼ਹੀਦ ਗੁਰੂ ਅਰਜਨ ਦੇਵ ਜੀ (ਕਵਿਤਾ) | ੫੦ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |


ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਦਿਵਸ ੫ ਮਈ — ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ੧੩ ਮਈ

ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ (ਸ਼ਹੀਦੀ) ੨੫ ਮਈ

---

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ – ਭਾਈ ਕੰਵਰਜੀਤ ਸਿੰਘ ਜੀ, 291 ਫ਼ੇਸ 2, ਡੁਗਰੀ

੨. ਕਪੂਰਥਲਾ—ਭਾਈ ਚਰਨਪਾਲ ਸਿੰਘ, 799-ਏ, ਆਰ.ਸੀ.ਐਫ.

੩. ਜਲੰਧਰ —ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ —ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ —ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜਿਲਾ ਸੰਗਰੂਰ—(ੳ) ਰੋਹੀੜਾ-ਘ ਨੁਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ

੭. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੮. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੯. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੯੧੯, ਨੇੜੇ ਡੰਗਰਾਂ ਦਾ ਹਸਪਤਾਲ

੧੦. ਮੋਗਾ —ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349

੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ–ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਐਵੇਨਿਊ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੫-੯੩ ਨੂੰ ਪ੍ਰਕਾਸ਼ਤ ਕੀਤਾ


www.AKJ.org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤ੍ਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੨੫੦-੦੦

ਪਰਦੇਸ

ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਮਈ ੧੯੯੩ ਅੰਕ ੫

ਜਨਮ ਮਰਣ ਦੁਹਹੂ ਮਹਿ ਨਾਹੀ

## ਜਨ ਪਰਉਪਕਾਰੀ ਆਏ

ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ਰਹਾਉ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥

[ਸੂਹੀ ਮਹਲਾ ੫, ਪੰਨਾ ੭੪੯



www.AKJ.Org

### ਬੀਰ ਰਸ ਤੇ ਸ਼ਾਂਤ ਰਸ ਅਭੇਦ

# ਸਿਖ ਸ਼ਹੀਦਾਂ ਦੀ ਸ਼ਾਂਤ ਲੀਲ੍ਹਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਕੇਵਲ ਦੇਹੋਂ ਬਦੇਹ ਹੋ ਕੇ ਸੀਸ ਤਲੀ ਤੇ ਰਖਣ ਵਾਲੇ ਅਤੁਟ ਲਿਵਤਾਰ ਦੇ ਧਨੀ ਗੁਰਮੁਖਿ ਪਿਆਰੇ ਹੀ ਪਰਉਪਕਾਰੀ ਬੀਰ ਰਸੀਏ ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਤੁਟੇ ਅਤੇ ਨੂਰੀ ਮੱਥੇ ਦਾ ਖਿੜਾਉ ਅਤੇ ਅੰਤ੍ਰੀਵੀ ਸ਼ਾਂਤ-ਰਹਸ ਜਿਉਂ ਕਾ ਤਿਉਂ ਬਣਿਆ ਰਹੇ। ਓਹ ਕੀ ਤਾਕਤ ਹੈ ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜੀ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ ? ਓਹ ਕਿਹੜੀ ਸ਼ਕਤੀ ਹੈ ਜਿਸ ਨੇ ਦੂਲੇ ਭਾਈ ਬੀਰ ਸਿੰਘ ਜੀ ਕੂੰਦੜਾ ਦੜ ਪੈਂਦੀਆਂ ਤੋਪਾਂ ਦੀ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਅਤੇ ਅਹਿਲ ਸਮਾਧੀ ਵਿਚ ਇਸਥਿਤ ਬਿਠਾਈ ਰਖਿਆ ? ਓਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਅਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰਖਿਆ ? ਓਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦਿਆਂ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ ? ਇਹ ਕੇਵਲ ਓਹ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ ਅਨੰਦ ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖ ਸੁਖ ਸਮ ਕਰਿ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ ਰੰਗਾਂ ਦੀ ਉਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗ਼ੈਰ ਸੱਚਾ ਬੀਰ ਰਸ ਤੇ ਪਰਉਪਕਾਰ-ਰਤੰਨਾ ਬੀਰ ਰਸ ਬਣਿ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ।

ਸ਼ਾਂਤ ਰਸ ਇਸ ਗੱਲ ਦਾ ਨਾਉਂ ਨਹੀਂ ਕਿ ਦੁਖ ਸੁਖ ਪ੍ਰਤੀਤ (ਮਹਿਸੂਸ) ਕੀਤਾ ਜਾਵੇ। ਅਰਥਾਤ, ਦੁਖ ਨੂੰ ਸੁਖ ਦੇ ਮੁਕਾਬਲੇ ਵਿਚ ਦੁਖ ਕਰਕੇ ਜਾਣਿਆ ਬੁਝਿਆ (ਪ੍ਰਤੀਤ ਕੀਤਾ) ਜਾਵੇ। ਪ੍ਰੰਤੂ ਦੁਖ ਦੀ ਨਵਿਰਤੀ ਦਾ ਕੋਈ ਹੋਰ ਉਪਾਉ ਨਾ ਹੁੰਦਾ ਦੇਖ ਕੇ ਸਿਰ ਪਾਇਆ ਦੁਖ ਸਹਿਣਾ ਪਵੇ। ਅਥਵਾ ਦੁਖਦਾਈ ਜਰਵਾਣਿਆਂ ਦੀ ਜ਼ਬਰਦਸਤ ਤਾਕਤ ਦੇਖ ਕੇ ਦੜ ਵੱਟੀ ਜਾਵੇ ਜਦ ਹੋਰ ਕੋਈ ਉਪਾਉ ਨਾ ਰਿਹਾ ਹੋਵੇ, ਬਾਹੂ ਬਲ ਭੀ ਹਾਰ ਦੇ ਚੁਕਾ ਹੋਵੇ, ਤਕੀਆ ਤਾਣ ਸਿਰ ਤੇ ਕੋਈ ਨਾ ਹੋਵੇ ਅਤੇ ਨਾ ਹੀ ਮੁਕਾਬਲੇ ਦੀ ਤਾਕਤ ਹੋਵੇ, ਉਸ ਸਮੇਂ ਸ਼ਾਂਤਮਈ ਪੁਕਾਰਨਾ ਇਕ ਢਕੌਂਸਲਾ ਹੈ। ਏਸ ਨੂੰ ਨੀਤੀ ਅਥਵਾ ਪਾਲਿਸੀ ਤਾਂ ਭਾਵੇਂ ਕਹਿ ਲਓ, ਪ੍ਰੰਤੂ ਇਸ ਦਾ ਨਾਉਂ ਸ਼ਾਂਤਮਈ ਨਹੀਂ ਹੈ। ਕੁਛ ਕਾਲ ਜੇ ਸ਼ਾਂਤਮਈ ਵਾਲੀ ਪਾਲਿਸੀ ਹਠ ਨਾਲ ਧਾਰਨ ਭੀ ਕਰ ਲਈ ਜਾਵੇ ਤਾਂ ਤੋੜ ਕਦੇ ਨਹੀਂ ਨਿਭ ਸਕਦੀ, ਕਿਉਂਕਿ ਸੱਚੀ ਭੈ ਭਾਵਨੀ ਤੋਂ ਅੰਕੂਰਤ ਹੋਏ ਨਿਰਭੈ ਪਦ ਦਾ ਏਥੇ ਨਮੂਦ ਨਹੀਂ ਹੁੰਦਾ। ਅਤੇ ਇਹ 'ਨਿਰਭੈ ਪਦ' ਬਿਨਾਂ ਨਾਮ ਦੀ ਕਮਾਈ ਦੇ ਪ੍ਰਾਪਤ ਹੋਣਾ ਅਤੀ ਅਸੰਭਵ ਹੈ।

ਗੁਰੂ ਦਸਮੇਸ਼ ਜੀ ਦੇ ਸਾਜੇ ਨਿਵਾਜੇ ਨਾਮ ਦੇ ਰਸੀਏ ਹਠੀਲੇ ਸੂਰਬੀਰ ਅਕਾਲੀ ਖਾਲਸੇ ਨੂੰ ਹੀ ਇਹ ਤੌਫ਼ੀਕਾਂ ਹਨ ਕਿ ਅਤੀਅੰਤ ਭਿਅੰਕਰ ਸ੍ਰੀਰਕ ਕਸ਼ਟਾਂ ਅਤੇ ਅਸਹਿ ਤਸੀਹਿਆਂ ਨੂੰ ਪਾਣੀ ਵਾਂਗੂੰ ਪੀ ਜਾਣ ਅਤੇ ਸਿਰ ਤੇ ਭੀੜੀ ਬਣੀ ਦੇ ਸਮੇਂ ਭੀ ਸਹਿਨ-ਸ਼ੀਲਤਾ ਵਾਲੀ ਸਚੀ ਸੂਰਮਗਤੀ ਦਾ ਹਠ ਧਾਰੀ ਰਖਣ। ਕਿਉਂਕਿ ਖਾਲਸਾ ਜੀ ਦਾ ਸ਼ਾਂਤਮਈ ਸ਼ੀਲ ਧਰਮ ਧਾਰਨਾ ਭੀ ਗੁਰੂ ਅਤੇ ਗੁਰੂ ਪੰਥ ਦੇ ਹੁਕਮ ਦੇ ਤਾਬੇ ਹੁੰਦਾ ਹੈ। ਅਕਾਲੀ ਹੁਕਮਾਂ ਦੀ ਪ੍ਰੇਰਨਾ ਅੰਦਰ ਜੇ ਅਕਾਲੀ ਖਾਲਸਾ ਜੀ ਨੂੰ ਸ਼ਾਂਤਮਈ ਮੈਦਾਨ ਵਿਖੇ ਡੱਟਣ ਦਾ ਅਵਸਰ ਭੀ ਆਣ ਬਣੇ ਤਾਂ ਗੁਰੂ ਆਸਰੇ ਗੁਰੂ ਦੇ ਸੂਰਬੀਰ ਹਠੀਲੇ ਅਕਾਲੀ ਸਿੰਘ ਸਹਿਨ ਸ਼ੀਲਤਾ ਵਾਲੇ ਨਿਰਭੈ ਪਦ ਖੇਡਣਗੇ।

www.AKJ.Org

ਯਾ ਐਉਂ ਕਹੋ ਕਿ ਗੁਰੂ ਉਹਨਾਂ ਨੂੰ ਆਪਣੇ ਭਾਣੇ ਅੰਦਰ ਖਿਡਾਵੇਗਾ ਅਤੇ ਆਪਣੇ ਬਿਰਦ ਦੀ ਆਪ ਲਾਜ ਰਖੇਗਾ, ਭਾਵੇਂ ਪੂਰਨ ਨਿਰਭੈ ਪਦ ਵਾਲੀ ਆਤਮ ਅਰੂੜ ਅਵਸਥਾ ਦੇ ਖਿਡਾਰੀ ਅਜੇ ਉਹ ਨਾ ਹੀ ਬਣੇ ਹੋਣ। ਖੰਡੇ ਦੇ ਅੰਮ੍ਰਿਤ ਦੀ ਅਗੰਮੀ ਬੀਰ ਕਲਾ ਜੋ ਅੰਮ੍ਰਿਤ ਛਕਣ ਸਮੇਂ ਹਰੇਕ ਸਿੰਘ ਅਕਾਲੀ ਦੇ ਰਗੋ ਰੇਸ਼ੇ ਅੰਦਰ ਸਿੰਚਨ ਹੋ ਚੁਕੀ ਹੈ, ਓਹੀ ਹੁਣ ਉਹਨਾਂ ਦੇ ਜੁਸੇ ਜਾਮੇ ਤੋਂ ਸਫੁਟ ਹੋ ਕੇ ਹੁਕਮ ਅੰਦਰ ਸਹਿਨ ਸ਼ੀਲਤਾ ਵਾਲੀ ਸੂਰਮਗਤੀ ਦੇ ਭੀ ਅਲੌਕਿਕ ਪੂਰਨੇ ਪੁਆਵੇਗੀ।

ਗੁਰੂ ਅਤੇ ਗੁਰੂ ਪੰਥ ਦੇ ਹੁਕਮਾਂ ਉਪਰ ਨਿਛਾਵਰ ਹੋਣ ਵਾਲੇ, ਪੰਥ ਗੁਰੂ ਦੇ ਸਹਿਨ ਸ਼ੀਲਤਾ ਅਤੇ ਸ਼ਾਂਤ-ਮਈ ਵਾਲੇ ਹੁਕਮ ਨੂੰ ਅਟੱਲਤਾ ਸਹਿਤ ਨਿਭਾਵਣ ਅਤੇ ਪੂਰਾ ਕਰ ਦਿਖਾਵਣ ਵਾਲੇ ਵਰਤਮਾਨ ਸਮੇਂ ਦੇ ਉਘੇ ਸ਼ਹੀਦ ਭਾਈ ਲਛਮਣ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਰਤੇ ਸਾਕੇ ਅੰਦਰ ਜ਼ਿੰਦਾ ਸ਼ਹੀਦ ਹੋਣ ਦੀ ਜੋ ਕੁਰਬਾਨੀ ਕਰ ਦਿਖਾਈ ਹੈ ਓਹ ਪੰਥ ਗੁਰੂ ਦੇ ਹੁਕਮਾਂ ਨੂੰ ਮੰਨਣ ਲਈ ਹਦ ਦਰਜੇ ਦੀ ਹਠ ਧਰਮੀ ਦਾ ਸਿਦਕ ਪਾਲਣ ਦੀ ਸੰਥਾ ਸਿਖਾਉਂਦੀ ਹੈ ਅਤੇ ਸਹਿਨ ਸ਼ੀਲਤਾ ਤੇ ਧੀਰਜ ਸ਼ਾਂਤ ਦੇ ਅਪਾਰ ਜੁੱਸੇ ਦਾ ਧੁਰਵਾ ਬੰਨ੍ਹ ਕੇ ਦਿਖਾਉਂਦੀ ਹੈ। ਧੰਨ ਬੀਰ ਬਹਾਦਰ ਸ਼ਹੀਦ ਲਛਮਣ ਸਿੰਘ ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਿਸ ਧੀਰਜ ਅਨੰਦ ਵਾਲੇ ਜਬ੍ਹੇ ਵਿਚ ਬੈਠੇ ਪਾਪੀਆਂ ਦੀਆਂ ਗੋਲੀਆਂ ਦੀ ਤੜਾ ਤੜ ਬੁਛਾੜ ਝੱਲ ਰਹੇ ਹਨ। ਮਜਾਲ ਕੀ ਹੈ ਕਿ ਰੰਚਕ ਭੀ ਡੋਲ ਜਾਣ। ਜਥੇਦਾਰ ਹੋ ਕੇ ਸੈਂਕੜਿਆਂ ਸੂਰਬੀਰ ਸਿੰਘਾਂ ਦੇ ਜਥੇਦਾਰ ਜੱਰਾਰ ਹੋ ਕੇ ਸਹਜ-ਸ਼ਾਂਤ ਦੀ ਹਠ ਬਿਰਤੀ ਨੂੰ ਉਹ ਨਿਭਾਇਆ ਹੈ ਕਿ ਰਹਿੰਦੀ ਦੁਨੀਆ ਤਾਈਂ ਉਹਨਾਂ ਦੇ ਪਵਿਤਰ ਨਾਮ ਦੀ ਯਾਦ ਕਾਇਮ ਰਹੇਗੀ। ਏਥੇ ਹੀ ਬਸ ਨਹੀਂ, ਪਾਪੀਆਂ ਜ਼ਾਲਮਾਂ ਨੇ ਜਦੋਂ ਦੇਖਿਆ ਕਿ ਗੁਰੂ ਦੀ ਓਟ ਵਿਚ ਗੋਲੀਆਂ ਨਾਲ ਛਲਣੀ ਹੋ ਚੁਕੇ ਸ਼ਹੀਦ ਸਿੰਘ ਜੀ ਦੇ ਸਰੀਰ ਵਿਚੋਂ ਅਜੇ ਜਾਨ ਨਹੀਂ ਨਿਕਲੀ ਤਾਂ ਜੀਉਂਦੇ-ਜੀ ਬ੍ਰਿਛ ਨਾਲ ਬੰਨ੍ਹ ਕੇ ਅਤੇ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਪਰ ਬੀਰ ਬਹਾਦਰ ਭਾਈ ਲਛਮਣ ਸਿੰਘ ਜੀ ਨੇ ਉਫ ਤਕ ਨਹੀਂ ਕੀਤੀ। ਅਤੇ ਪੰਥ ਗੁਰੂ ਦੀ ਹੁਕਮ ਰਜ਼ਾ ਸਿਰ ਮੱਥੇ ਤੇ ਮਿੱਠੀ ਕਰਕੇ ਮੰਨੀ। ਹੱਥ ਚੁਕਣ ਦਾ ਹੁਕਮ ਨਹੀਂ ਸੀ, ਨਹੀਂ ਤਾਂ ਰੰਚਕ ਇਸ਼ਾਰਾ ਭੀ ਜਥੇਦਾਰ ਬੀਰ ਵਲੋਂ ਹੋ ਜਾਂਦਾ ਤਾਂ ਪਾਮਰ ਮਰਦੂਦਾਂ ਦੀ ਕੀ ਮਜਾਲ ਸੀ ਕਿ ਬੀਰਤਾ ਦੇ ਪੁਤਲੇ ਅੰਮ੍ਰਿਤ-ਧਾਰੀ ਸਿੰਘਾਂ ਦੇ ਅਗੇ ਖੜੋਂਦੇ। ਇਕ ਛਿਨ ਵਿਚ ਹੀ ਦੁਸ਼ਟਾਂ ਦੀਆਂ ਬੰਦੂਕਾਂ ਆਦਿਕ ਖੋਹ ਕੇ ਉਹਨਾਂ ਨੂੰ ਉਹ ਹੱਥ ਦਿਖਾਉਂਦੇ ਕਿ ਇਕ ਜ਼ਮਾਨਾ ਯਾਦ ਕਰਦਾ। ਪਰ ਹੁਕਮ ਦੇ ਬੱਧੇ ਪੰਥ ਗੁਰੂ ਦੀ ਰਜ਼ਾ ਅੰਦਰ ਰਾਜ਼ੀ ਵੀਰਾਂ ਨੇ ਅਤੀਅੰਤ ਧੀਰਜ ਸ਼ੁਕਰਾਨੇ ਨਾਲ ਕੁਰਬਾਨੀ ਦੀਆਂ ਅਹੂਤੀਆਂ ਇਸ ਸ਼ਹੀਦੀ ਦੇ ਸ਼ਾਂਤਮਈ ਯੱਗ ਵਿਚ ਦਿਤੀਆਂ। ਵੀਰ ਦਲੀਪ ਸਿੰਘ ਸਾਰਖੇ ਅਨੇਕਾਂ ਹੀ ਗੁਰੂ ਕੇ ਲਾਲ ਸੈਂਕੜਿਆਂ ਦੀ ਗਿਣਤੀ ਵਿਚ ਇਸ ਸ਼ਾਂਤਮਈ ਦੀ ਭੇਟਾ ਹੋਏ। ਅਤੇ ਸਹਿਨ ਸ਼ੀਲਤਾ ਦੀ ਸੱਚੀ ਮਿਸਾਲ ਇਸ ਵਰਤਮਾਨ ਕਾਲ ਅੰਦਰ ਖੜੀ ਕਰ ਕੇ ਦਿਖਾ ਗਏ। ਅਤੇ ਸਹਿਨ ਸ਼ੀਲਤਾ ਦੀ ਸੱਚੀ ਰੂਹ ਆਉਣ ਵਾਲੀਆਂ ਪੰਥ-ਪਨੀਰੀਆਂ ਦਿਆਂ ਸੀਨਿਆਂ ਵਿਚ ਫੂਕ ਗਏ। ਜਿਸ ਤੋਂ ਅਗੇ ਲਈ ਭੀ ਗੁਰੂ ਦੇ ਭਾਣੇ ਅੰਦਰ ਅਨੇਕਾਂ ਅਜਿਹੇ ਸਾਕੇ ਵਰਤਣਗੇ ਜਿਨ੍ਹਾਂ ਨੂੰ ਦੇਖ ਕੇ ਦੁਨੀਆ ਦੰਗ ਰਹਿ ਜਾਏਗੀ।

ਭੂਤ ਕਾਲ ਵਿਖੇ ਸੱਚੀ ਸ਼ਾਂਤ-ਮਈ ਦਾ ਸੱਚਾ ਨਮੂਨਾ ਬੀਰ ਬਹਾਦਰ ਸੰਤ ਖਾਲਸਾ ਦੂਲੇ ਭਾਈ ਬੀਰ ਸਿੰਘ ਜੀ ਨੁਰੰਗਾਬਾਦੀਏ ਨੇ ਦਿਖਾਇਆ। ਪਾਸ ਸਨੱਧ ਬੱਧ ਜੰਗੀ ਜਥਾ ਹੈ––ਜੱਰਾਰੀ ਸੂਰਬੀਰ ਜੀਵਨ-ਮੁਕਤ ਬਹਾਦਰ ਸਿੰਘਾਂ ਦਾ ਜੱਰਾਰ ਜਥਾ। ਯੁਧ ਦਾ ਸਮਾਨ ਮੌਜੂਦ ਹੈ। ਭਾਈ ਸਾਹਿਬ ਜੀ ਦੇ ਨੇਤ੍ਰ-ਫੋਰ-ਇਸ਼ਾਰੇ ਉਤੇ ਕੁਰਬਾਨ ਹੋਣ ਨੂੰ ਸਾਰੇ ਦੇ ਸਾਰੇ ਸਿੰਘ ਸੂਰਮੇ ਤਿਆਰ ਹਨ। ਪੂਰਨ ਮੋਰਚਾ-ਬੰਦੀ ਪਹਿਲਾਂ ਹੀ ਹੋਈ-ਹਵਾਈ ਹੈ। ਪੰਦਰ੍ਹਾਂ ਹਜ਼ਾਰ ਸੂਰਬੀਰ ਸਿੰਘਾਂ ਦਾ ਦਲ ਭਾਈ ਸਾਹਿਬ ਜੀ ਦੇ ਤਾਬਿਆ ਮਰਨ ਨੂੰ ਤਿਆਰ ਹੈ। ਪਰ ਧੰਨ ਹਨ ਸੰਤ ਬੀਰ ਸਿੰਘ ਜੀ ਦੂਲੇ, ਕਿ ਜਿਨ੍ਹਾਂ ਨੇ ਭਾਣਾ ਕਰਤਾਰ ਦਾ ਮਿੱਠਾ ਕਰਕੇ ਸਿਰ ਮੱਥੇ ਤੇ ਮੰਨਿਆ ਅਤੇ ਹੱਥ ਨਹੀਂ ਉਠਾਇਆ। ਬਚਨ ਕਰਦੇ ਹਨ ਕਿ ਭਾਈ, ਦੋਹੀਂ ਪਾਸੀਂ ਗੁਰੂ ਦਾ ਹੀ ਘਰ ਹੈ। ਸਾਡੇ ਭੁਲੇ ਭਰਾ ਜੇ ਅਸਾਡੇ ਉਤੇ ਚੜ੍ਹ ਆਏ ਹਨ ਤਾਂ ਅਸਾਡਾ ਧਰਮ ਨਹੀਂ ਕਿ ਭਰਾਵਾਂ ਉਤੇ ਵਾਰ ਕਰੀਏ। ਪੂਰਨ ਸ਼ਾਂਤਮਈ ਰਹੀ, ਕਿਸੇ ਨੇ *


www.AKJ.Org

# ਆਤਮ-ਸਮਰਪਣ

[ਪ੍ਰਿੰਸੀਪਲ ਸੱਜਣ ਸਿੰਘ ਜੀ, 618, ਗੋਬਿੰਦਪੁਰੀ, ਨਵੀਂ ਦਿੱਲੀ-19]

ਅਟੱਲ ਸਚਾਈ ਹੈ ਕਿ ਜੋੜ ਕਰਨਾ ਸੌਖਾ ਹੈ ਤੇ ਘਟਾਉਣਾ ਔਖਾ। ਛੋਟੇ ਬਾਲਕਾਂ ਨੂੰ ਵੀ ਜੋੜਨ ਦੀ ਕਿਰਿਆ ਦਾ ਗਿਆਨ ਪਹਿਲਾਂ ਦਿੱਤਾ ਜਾਂਦਾ ਹੈ। ਬਚਪਨ, ਯੁਵਾ ਅਵਸਥਾ ਜਾਂ ਬੁਢਾਪਾ ਹੋਵੇ, ਇਸ ਪਦਾਰਥ-ਵਾਦੀ ਸੰਸਾਰ ਦਾ ਕੋਈ ਵੀ ਖੇਤਰ ਹੋਵੇ, ਹਰੇਕ ਜੀਵ ਦੀ ਮੂਲ ਪ੍ਰਵਿਰਤੀ ਬਦਲਦੀ ਨਹੀਂ। ਪਦਾਰਥਾਂ ਨੂੰ ਨਾਸ਼ਵਾਨ ਸਮਝਦਿਆਂ ਹੋਇਆਂ ਵੀ ਜਮ੍ਹਾਖ਼ੋਰੀ ਜਾਂ ਸੰਗ੍ਰਹਿ ਕਰਨ ਦੀ ਲਾਲਸਾ ਘਟਦੀ ਨਹੀਂ। ਮਾਇਆ ਮਮਤਾ ਏਨੀ ਪ੍ਰਬਲ ਹੈ ਕਿ ਕੁੱਝ ਲੈਣ ਲਈ, ਉਸ ਨੂੰ ਆਪਣਾ ਬਣਾਉਣ ਲਈ, ਤੇ ਆਪਣਾ ਅਧਿਕਾਰ ਜਮਾਉਣ ਲਈ ਅਜਿਹੇ ਬੰਦੇ ਤੱਕਣ ਵਿਚ ਆਉਂਦੇ ਹਨ ਜੋ ਆਪਣੀ ਜਾਨ ਦੀ ਬਾਜ਼ੀ ਲਾਉਣ ਤੋਂ ਵੀ ਸੰਕੋਚ ਨਹੀਂ ਕਰਦੇ। ਜੇ ਮਾਂ-ਬਾਪ, ਭੈਣ-ਭਰਾ, ਇਸ ਉਦੇਸ਼ ਦੀ ਪੂਰਤੀ ਅੱਗੇ ਰੁਕਾਵਟ ਦਿੱਸਣ ਤਾਂ ਉਨ੍ਹਾਂ ਦੀ ਸਰੀਰਕ ਹੋਂਦ ਨੂੰ ਵੀ ਖ਼ਤਮ ਕਰਨ ਤੇ ਤੁਲ ਪੈਂਦੇ ਹਨ।

ਗੁਰਮਤਿ ਸ਼ਬਦਾਵਲੀ ਵਿਚ ਦੇਣ ਦੇ ਸਮਾਨਾਰਥਕ ਸ਼ਬਦ 'ਅਰਪ ਦੇਣਾ' ਨੂੰ ਵਿਸ਼ੇਸ਼ ਤੌਰ ਤੇ ਥਾਂ ਦਿੱਤੀ ਪ੍ਰਤੀਤ ਹੁੰਦੀ ਹੈ। ਇਸ ਦੇ ਅੰਗ ਹਨ : ਤਨ, ਮਨ ਤੇ ਧਨ ਦਾ ਵਾਰਨਾ। ਇਨ੍ਹਾਂ ਤਿੰਨਾਂ ਦਾ ਸਮੂਹ ਪੂਰਨ ਤੌਰ ਤੇ ਸਮਰਪਣ ਦਾ ਲਖਾਇਕ ਹੈ। ਅਰਪ ਦੇਣ ਦੇ ਤੁਫ਼ੈਲ ਅਗਮ ਅਗੋਚਰ ਪ੍ਰਭੂ ਤਕ ਰਸਾਈ ਹੁੰਦੀ ਹੈ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥ਅਨੰਦੁ, ੯੧੮)

---

* ਹੱਥ ਨਹੀਂ ਚੁਕਿਆ। ਕਿਉਂਕਿ ਉਹਨਾਂ ਨੂੰ ਦੋਹੀਂ ਪਾਸੀਂ ਗੁਰੂ ਹੀ ਗੁਰੂ ਨਜ਼ਰ ਆਉਂਦਾ ਸੀ ਅਤੇ "ਮਰਣੇ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ"* ਦੇ ਗੁਰ-ਭਾਵ ਵਾਲੀ ਨਿਰਭੈ ਬਿਵਸਥਾ ਦਾ ਪਰਤੱਖ ਵਰਤਾਰਾ ਉਨ੍ਹਾਂ ਉਤੇ ਵਰਤਿਆ ਹੋਇਆ ਸੀ। ਧਮਕੀ ਮਿਲਦੀ ਹੈ ਕਿ ਸਾਡੇ ਵਿਰੋਧੀਆਂ ਨੂੰ ਦੇ ਦਿਓ, ਨਹੀਂ ਤਾਂ ਹੁਣੇ ਹੀ ਤੋਪਾਂ ਨਾਲ ਉਡਾਇਆ ਜਾਂਦਾ ਹੈ। ਸਰਣ-ਪਾਲ ਸੰਤ ਖਾਲਸਾ ਜੀ ਨੇ ਸਰਣੀ ਆਇਆਂ ਨੂੰ ਧੱਕਾ ਕਰਨ-ਹਾਰਿਆਂ ਦੇ ਸਪੁਰਦ ਨ ਕੀਤਾ ਅਤੇ ਪੂਰਨ ਸਹਿਨ-ਸ਼ੀਲਤਾ ਨਾਲ ਤੋਪਾਂ ਦੀ ਮਾਰ ਦਾ ਸਹਿਣਾ ਮਨਜ਼ੂਰ ਕੀਤਾ। ਤੋਪ ਦਾ ਗੋਲਾ ਆਉਂਦਾ ਹੈ ਅਤੇ ਭਾਈ ਬੀਰ ਸਿੰਘ ਜੀ ਦੇ ਪੱਟ ਤੇ ਆ ਕੇ ਵੱਜਦਾ ਹੈ, ਮਜਾਲ ਕੀ ਹੈ ਕਿ ਭਾਈ ਸਾਹਿਬ ਜੀ ਦੀ ਅਡੋਲ ਸਮਾਧੀ ਵਿਚ ਫ਼ਰਕ ਪੈ ਜਾਵੇ। ਲਿਵ ਜੋੜੀ ਬੈਠੇ ਸੰਤ ਖਾਲਸਾ ਯੋਗੀ ਕੀਰਤਨ ਸੁਣ ਰਹੇ ਹਨ। ਮੱਥੇ ਵੱਟ ਨਹੀਂ ਪਿਆ। ਅੰਦਰ ਧੜਕਾ ਨਹੀਂ ਰਖਿਆ। ਰੱਬੀ ਨੂਰ ਦੀ ਲਾਲੀ ਚੇਹਰੇ ਤੇ ਦੂਣ ਸਵਾਈ ਚੜ੍ਹਦੀ ਜਾਂਦੀ ਹੈ। ਲਿਵ ਦੀ ਤਾਰ ਉੱਚੀਆਂ ਅਟਾਰੀਆਂ ਤੇ ਜਾ ਚੜ੍ਹੀ। ਮਾਨੋ ਸ਼ਾਂਤ ਰਸ ਦੇ ਸਮੁੰਦਰ ਵਿਚ ਤਾਰੀਆਂ ਲਾ ਰਹੇ ਹਨ। ਭਾਣੇ, ਮਿੱਠੇ ਭਾਣੇ ਦੇ ਰਸ ਵਿਚ ਬੈਠੇ ਹੀ ਸ਼ਹੀਦ ਹੋ ਗਏ। ਪ੍ਰੰਤੂ ਆਪਣੀ ਸ਼ਾਂਤਮਈ ਸ਼ੀਲਤਾ ਵਿਚ ਭੰਗ ਨਹੀਂ ਪੈਣ ਦਿਤਾ। ਇਸ ਦਾ ਨਾਉਂ ਹੈ ਸ਼ਾਂਤਮਈ! ਬੀਰ ਰਸ ਦੇ ਹੁੰਦਿਆਂ ਸ਼ਾਂਤ ਰਸ ਕਮਾਇਆ। "ਹੋਂਦੇ ਤਾਣ ਨਿਤਾਣਿਆ" ਦੇ ਗੁਰ ਭਾਵ ਵਾਲਾ ਸੱਚਾ ਪੂਰਨਾ ਪਾ ਕੇ ਵਿਖਾਇਆ, ਜੈਸਾ ਕਿ ਭਾਈ ਗੁਰਦਾਸ ਜੀ ਦਾ ਵਾਕ ਹੈ :

ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣ ਜੁ ਹੋਇ ਨਿਤਾਣਾ ॥
ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੋ ਰਹੈ ਨਿਮਾਣਾ ॥
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ ॥
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ ॥
ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗ ਦੇਖਿ ਲੁਭਾਣਾ ॥
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ ॥
ਦੀਨ ਦੁਨੀ ਦਰਗਹਿ ਪਰਵਾਣਾ ॥ [ਭਾਈ ਗੁਰਦਾਸ ਜੀ, ਪਉੜੀ ੩, ਵਾਰ ੨੨

*ਸਿਰੀਰਾਗੁ ਮ: ੧, ਪੰਨਾ ੨੦

"ਗੁਰਮਤਿ ਬਿਬੇਕ" ਪੁਸਤਕ ਵਿਚੋਂ

ਤਨ ਅਰਪਣ ਦਾ ਭਾਵ, ਸਰੀਰਕ ਤੌਰ ਤੇ ਸੇਵਾ ਕਰਨੀ, ਹੱਥਾਂ ਪੈਰਾਂ ਦੁਆਰਾ ਦੁਖੀਆਂ ਤੇ ਰੋਗੀਆਂ ਦਾ ਕਸ਼ਟ ਨਿਵਾਰਨ ਕਰਨਾ ਹੈ। ਸਤਿਗੁਰੂ ਦੇ ਉਪਦੇਸ਼ ਸਹਿਤ, ਖ਼ਲਕਤ ਦੇ ਕਲਿਆਣ ਲਈ ਤੇ ਲੋੜਵੰਦਾਂ ਦੀ ਲੋੜ ਪੂਰੀ ਕਰਨ ਲਈ ਮਾਇਆ ਦਾ ਤਿਆਗ ਧਨ ਅਰਪਣ ਦਾ ਲਖਾਇਕ ਹੈ। ਸੌ ਰੁਪਏ ਦਾ ਮਾਲਕ ਦਸ ਰੁਪਏ ਦੀ ਸੇਵਾ ਸ਼ਾਇਦ ਖਿੜੇ ਮੱਥੇ ਕਰ ਲਵੇ, ਪਰ ਦੋ ਸੌ ਰੁਪਏ ਰੱਖਣ ਵਾਲੇ ਨੂੰ ਜੇ ਪੰਜਾਹ ਰੁਪਏ ਦੇਣੇ ਪੈਣ ਤਾਂ ਉਸ ਨੂੰ ਆਪਣਾ ਮਨ ਸਮਝਾਉਣਾ ਪਵੇਗਾ। ਮਾਇਆ ਸਰਪਣੀ ਦੇ ਛਲ ਤੋਂ ਬਚਣਾ ਆਸਾਨ ਨਹੀਂ। ਗੁਰੂ ਘਰ ਵਿਚ ਦੋਨੋਂ ਭਾਂਤ ਦੀ ਸੇਵਾ ਕੇਵਲ ਸਲ੍ਹਾਹੁਣ ਯੋਗ ਨਹੀਂ, ਗੁਰਸਿੱਖੀ ਦੇ ਮਹੱਤਵ-ਪੂਰਨ ਕਰਮ ਹਨ। ਸਤਿਗੁਰੂ ਦੇ ਹੁਕਮ ਦੀ ਪਾਲਣਾ ਕਰਨੀ ਕਰਮਨ ਸਿਰ ਕਰਮ ਹੈ, ਪਰ ਇਸ ਨਾਲ **ਨਿਸ਼ਕਾਮ ਭਾਵਨਾ ਤੇ ਨਾਮ ਸਿਮਰਨ** ਮਿਲ ਜਾਣ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋ ਜਾਂਦਾ ਹੈ।

ਮਨ ਸੌਂਪਣਾ, ਤਨ ਤੇ ਧਨ ਵਾਰਨ ਤੋਂ ਉੱਚੀ ਸਥਿੱਤੀ ਹੈ। ਅਨੇਕ ਰੱਬੀ ਗੁਣਾਂ ਦੇ ਸਮੂਹ ਤੋਂ ਇਸ ਦਾ ਪ੍ਰਗਟਾਵਾ ਹੋਂਦ ਵਿਚ ਆਉਂਦਾ ਹੈ। ਇਹ ਸੱਚੇ ਪਿਆਰ ਦੀ ਕਸੌਟੀ ਹੈ, ਸੰਕਟ-ਮਈ ਸਮੇਂ ਦੀ ਪ੍ਰੀਖਿਆ ਹੈ, ਕੁਰਬਾਣੀ ਦੀ ਪਰਖ ਹੈ ਤੇ ਅਭੇਦਤਾ ਦੀ ਨਿਸ਼ਾਨੀ ਹੈ। ਦੂਸਰੇ ਸ਼ਬਦਾਂ ਵਿਚ ਆਪਣੀ ਸੋਚ ਵਿਚਾਰ, ਸਿਆਣਪ, ਮਨ-ਮਰਜ਼ੀ ਤੇ ਇੱਛਾ ਦੇ ਤਿਆਗ ਬਿਨਾ ਅਤੇ ਮਾਨ ਅਪਮਾਨ, ਜਾਤਿ ਅਭਿਮਾਨ, ਧਨ ਦੌਲਤ ਦਾ ਗਰਬ ਗੁਮਾਨ, ਉੱਚੀ ਪਦਵੀ ਦਾ ਰੁਹਬ-ਦਿਖਾਵਾ ਤੇ ਸੂਖਮ ਹੰਕਾਰ ਦਾ ਜ਼ਹਿਰ ਉਤਾਰੇ ਬਿਨਾ, ਸਤਿਗੁਰੂ ਦੇ ਚਰਨਾਂ ਵਿਚ ਆਪਣਾ ਮਨ ਭੇਟ ਕਰਨਾ ਅਸੰਭਵ ਹੈ। ਜਦ ਕੋਈ ਗੁਰਮੁਖ ਜਨ, ਇੱਕ ਲਾਲੇ ਗੋਲੇ ਵਾਂਗਰ, ਤਨ-ਮਨ-ਧਨ ਨੂੰ ਆਪਣਾ ਨਹੀਂ ਜਾਣਦਾ, ਵਾਹਿਗੁਰੂ ਦੀ ਸੰਪਤੀ ਸਮਝ ਕੇ ਆਪਣੇ ਆਪ ਨੂੰ ਆਪਣੇ ਸੁਆਮੀ ਦੇ ਹਵਾਲੇ ਕਰਦਾ ਹੈ ਤਾਂ ਉਹ ਬਿਨਾ ਝਿਜਕ ਕੁਰਬਾਨੀ ਕਰਨ ਦੀ ਜੁਰਅਤ ਕਰ ਵਿਖਾਉਂਦਾ ਹੈ। ਫੁਰਮਾਨ ਹੈ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ (ਸਲੋਕ ਕਬੀਰ ਜੀ, ਪੰਨਾ ੧੩੭੫)

ਲੋਕ ਹੋਵੇ ਜਾਂ ਪਰਲੋਕ, ਦੋਹਾਂ ਸਿਰਿਆਂ ਦਾ ਸੁਆਮੀ ਆਪ ਅਕਾਲ ਪੁਰਖ ਹੈ। ਇੱਜ਼ਤ, ਮਾਣ, ਅਧੋਗਤੀ, ਅਪਮਾਨ ਜਿਤ, ਹਾਰ, ਪ੍ਰਾਪਤੀ ਅਪ੍ਰਾਪਤੀ ਦੀ ਡੋਰ ਅਕਾਲ ਪੁਰਖ ਦੇ ਹੱਥ ਹੈ। ਇਸ ਦਾ ਗੁੱਝਾ ਭੇਦ ਗੁਰਦੇਵ ਜੀ ਨੇ ਸਥੂਲ ਸ਼ਬਦਾਂ ਵਿਚ ਸਮੋਇਆ ਹੈ। ਜਦ ਤਕ ਜੀਵ ਆਪਣੀ ਸ਼ਕਤੀ ਤੇ ਭਰੋਸਾ ਰੱਖਦਾ ਹੈ, ਆਪਣੀ ਅਕਲ, ਸਿਆਣਪ, ਚਤੁਰਾਈ ਵਰਤਦਾ ਹੈ; ਭੈਣ, ਭਰਾ, ਸੰਬੰਧੀ ਤੇ ਮਿੱਤਰਾਂ ਤੇ ਓਟ ਧਰਦਾ ਹੈ; ਸੱਚੀ ਮਤਿ ਤਿਆਗ ਕੇ ਸਤਿਗੁਰੂ ਦਾ ਉਪਦੇਸ਼ ਵਿਸਾਰਦਾ ਹੈ, ਤਾਂ ਉਹ ਅਨੰਤ ਕਲਾ, ਪ੍ਰਬੀਨ ਵਾਹਿਗੁਰੂ ਦੀ ਬਖ਼ਸ਼ਸ਼ ਤੋਂ ਸਦਾ ਹੀ ਵੰਚਿਤ ਰਹਿੰਦਾ ਹੈ। ਜਿਸ ਦੀ ਆਪਣੀ ਸ਼ਕਤੀ ਸੀਮਤ ਹੈ, ਇਸ ਦੇ ਬਾਵਜੂਦ ਜੇ ਉਹ ਸਰਬ ਸ਼ਕਤੀ-ਮਾਨ ਦੀਆਂ ਰਹਿਮਤਾਂ ਪ੍ਰਾਪਤ ਕਰਨ ਲਈ ਗਰੀਬ, ਮਸਕੀਨ, ਨਿਮਾਣਾ ਤੇ ਭੋਲਾ ਬਣ ਕੇ ਸੱਚੇ ਦਰ ਤੇ ਢਹਿੰਦਾ ਨਹੀਂ ਤਾਂ ਉਹ ਆਪਣੀ ਸੀਮਤ ਸ਼ਕਤੀ ਨੂੰ ਵੀ ਗੁਆ ਬਹਿੰਦਾ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਜੀਵਨ ਆਤਮ-ਸਮਰਪਣ ਦਾ ਜੀਊਂਦਾ ਜਾਗਦਾ ਚਿਤਰ ਹੈ। ਹਜ਼ੂਰ ਦੇ ਮੁਖਾਰਬਿੰਦ ਤੋਂ ਨਿਕਲੀ ਨਾਮ-ਰੰਗੀਨੀ ਰੱਬੀ ਬਾਣੀ ਅੱਤ ਮਸਕੀਨੀ ਅਵਸਥਾ ਦਾ ਪ੍ਰਤੱਖ ਸਰੂਪ ਹੈ। ਗੁਰਦੇਵ ਜੀ ਤੇ ਮਾਤਾ ਗੰਗਾ ਜੀ ਨੇ, ਸਾਧਾਰਨ ਗੁਰਸਿੱਖਾਂ ਦੇ ਰੂਪ ਵਿਚ, ਦਰਸ਼ਨ ਪਰਸਨ ਲਈ ਆ ਰਹੀ ਸੰਗਤ ਦਾ ਸੁਆਗਤ ਗੁ: ਪਿਪਲੀ ਸਾਹਿਬ ਅੰਮ੍ਰਿਤਸਰ ਦੇ ਅਸਥਾਨ ਤੇ, ਜਿਸ ਸੇਵਾ ਭਾਵਨਾ ਦੁਆਰਾ ਕੀਤਾ, ਇਹ ਸੰਸਾਰ ਦੇ ਇਤਿਹਾਸ ਵਿਚ ਸੇਵਾ ਦਾ ਬੇਮਿਸਾਲ ਨਮੂਨਾ ਹੈ। ਹਜ਼ੂਰ ਸਾਦੇ ਪਹਿਰਾਵੇ ਵਿਚ ਏਨੇ ਮਿੱਠ-ਬੋਲੜੇ ਬਣੇ ਕਿ ਕਾਬਲ ਤੋਂ ਚਲ ਕੇ ਆਈ ਗੁਰ-ਦਰਸ਼ਨ ਦੀ ਪਿਆਸੀ ਸੰਗਤ ਰਾਤ ਭਰ ਆਪਣੀ ਮੁੱਠੀ-ਚਾਪੀ ਕਰਾਉਂਦੀ ਰਹੀ, ਪਰ ਸਤਿਗੁਰੂ ਨੂੰ ਪਛਾਣ ਨਹੀਂ ਸਕੀ। ਧੰਨ ਧੰਨ ਹਨ ਦਾਤਾਰ ਪਿਤਾ ਗੁਰਦੇਵ ਜੀ, ਜਿਨ੍ਹਾਂ ਨੇ ਸਾਨੂੰ ਆਪਾ ਮਿਟਾ ਕੇ ਸੇਵਾ ਕਰਨ ਦਾ ਵੱਲ ਸਿਖਾਇਆ ਹੈ।

ਗੁਰੂ ਨਾਨਕ ਜੋਤੀ ਸਰੂਪ ਜੀ ਸਰਬ ਕਲਾ ਸਮਰੱਥ ਹੁੰਦਿਆਂ ਵੀ ਕੋਈ ਅਹਿਮ ਫ਼ੈਸਲਾ ਕਰਨ ਲਈ


www.AKJ.Org

ਗੁਰ-ਸੰਗਤ ਜਾਂ ਭਾਈ ਬੁੱਢਾ ਜੈਸੇ ਬ੍ਰਹਮ ਗਿਆਨੀ ਨੂੰ ਮਾਣ ਬਖਸ਼ਦੇ। ਗੰਭੀਰ ਸਮੱਸਿਆ ਹੁੰਦੀ ਜਾਂ ਸੰਕਟ ਦਾ ਸਮਾਂ ਹੁੰਦਾ, ਸਮਾਜਕ ਜਾਂ ਰਾਜਨੀਤਕ ਨਿਰਣੇ ਦਾ ਅਵਸਰ ਹੁੰਦਾ, ਹਜ਼ੂਰ ਨੇ ਅਕਾਲ ਪੁਰਖ ਤੇ ਅਟੁੱਟ ਵਿਸ਼ਵਾਸ ਰੱਖਣ ਦਾ ਅਮਲੀ ਉਪਦੇਸ਼ ਦਿੱਤਾ।

ਆਤਮ-ਸਮਰਪਣ ਇਕ ਸਾਧਾਰਨ ਗੁਣ ਨਹੀਂ, ਇਸ ਨੂੰ ਅਪਣਾਉਣਾ ਸੌਖਾ ਨਹੀਂ। ਇਹ ਕਈ ਰੱਬੀ ਸਿਫ਼ਤਾਂ ਦਾ ਸਮੂਹ ਹੈ। ਇਹ ਤਿਆਗਾਂ ਦਾ ਮਹਾਂ ਤਿਆਗ ਹੈ। ਲੋਭ ਤੇ ਖ਼ੁਦਗ਼ਰਜ਼ੀ ਦੀ ਏਥੇ ਕੋਈ ਥਾਂ ਨਹੀਂ, ਲੈਣ ਦੀ ਲਾਲਸਾ ਨਹੀਂ, ਦੇਣ ਦਾ ਚਾਉ ਹੈ। ਗੁਰੂ ਅਰਜਨ ਦੇਵ ਜੀ ਨੂੰ ਗੁਰੂ ਟਿਕੇ ਜਾਣ ਬਾਅਦ, ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੇ ਬਰਾਦਰੀ ਵਲੋਂ ਪੱਗ ਦਿਤੇ ਜਾਣ ਸਮੇਂ ਪ੍ਰਿਥੀ ਚੰਦ ਨੇ ਵੱਡਾ ਪੁੱਤਰ ਹੋਣ ਕਰਕੇ ਆਪਣਾ ਹੱਕ ਜਣਾਇਆ ਤਾਂ ਸ਼ਾਂਤ-ਚਿੱਤ ਸਤਿਗੁਰੂ ਅਰਜਨ ਦੇਵ ਜੀ ਨੇ ਧੀਰਜ ਤੇ ਸਤਿਕਾਰ ਸਹਿਤ ਵੱਡੇ ਭਰਾ ਦਾ ਕ੍ਰੋਧ ਠੰਢਾ ਕਰਨ ਦਾ ਜਤਨ ਕੀਤਾ, ਅਤੇ ਬਰਾਦਰੀ ਪਾਸੋਂ ਬਾਬਾ ਪ੍ਰਿਥੀ ਚੰਦ ਨੂੰ ਪੱਗ ਦਿਵਾ ਦਿਤੀ। ਪਰ ਇਸ ਦੇ ਬਾਵਜੂਦ ਵੀ ਉਹ ਸਤਿਗੁਰੂ ਵਾਲੀ ਪਦਵੀ ਸੰਗਤਾਂ ਤੋਂ ਪ੍ਰਾਪਤ ਨਾ ਕਰ ਸਕਿਆ।

ਭਰਮ ਵਿਚ ਫੱਸੇ, ਈਰਖਾ 'ਚ ਗ੍ਰਸੇ, ਵੱਡੇ ਵੀਰ ਪ੍ਰਿਥੀ ਚੰਦ ਨੇ ਗੁਰ ਗੱਦੀ ਨੂੰ ਖ਼ਾਨਦਾਨੀ ਜਾਇਦਾਦ ਸਮਝ ਕੇ ਮੁਗ਼ਲ ਅਹੁਦੇਦਾਰ ਸੁਲਹੀ ਖ਼ਾਨ ਨਾਲ ਗੰਢ-ਤੁੱਪ ਕੀਤੀ। ਪਿਤਾ ਦੀ ਹੁਕਮ-ਅਦੂਲੀ ਕਰ ਕੇ ਰਾਜਸੀ ਸ਼ਕਤੀ ਦੀ ਓਟ ਲਈ। ਏਧਰ ਗੁਰਦੇਵ ਜੀ ਦਾ ਤਾਣ, ਮਾਣ, ਟੇਕ, ਭਰੋਸਾ ਕੇਵਲ ਅਕਾਲ ਪੁਰਖ ਸੀ। ਸੁਲਹੀ ਖ਼ਾਨ ਦਾ ਭਤੀਜਾ, ਸੁਲਬੀ ਖ਼ਾਨ, ਪ੍ਰਿਥੀ ਚੰਦ ਨੂੰ ਉਸ ਦਾ ਅਖਉਤੀ ਹੱਕ ਦਿਲਾਉਣ ਲਈ ਚਲ ਪਿਆ। ਇਹ ਜਾਣ ਕੇ ਸਤਿਗੁਰੂ ਦੀ ਸਹਜ ਅਵਸਥਾ ਪੂਰਨ ਅਡੋਲ ਰਹੀ, ਹਿਰਦੇ ਦੀ ਦ੍ਰਿੜ੍ਹਤਾ ਤੇ ਚਿੰਤਾ-ਮੁਕਤ ਬਿਰਤੀ ਵਿਚ ਕੋਈ ਫ਼ਰਕ ਨਾ ਪਿਆ। ਹਜ਼ੂਰ ਨੇ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ ਤੇ ਇਉਂ ਫੁਰਮਾਇਆ ਕਿ :

ਹਰਿ ਜਨ ਛੋਡਿਆ ਸਗਲਾ ਆਪੁ ॥
ਜਿਉ ਜਾਨਹੁ ਤਿਉ ਰਖਹੁ ਗੁਸਾਈ ਪੇਖਿ ਜੀਵਾਂ ਪਰਤਾਪੁ ॥੧॥ਰਹਾਉ॥੬੯॥ (੧੨੧੭)

ਅਸੀਂ ਸਾਰੀ ਜ਼ਿਮੇਵਾਰੀ ਅਕਾਲ ਪੁਰਖ ਨੂੰ ਸੌਂਪੀ ਹੈ, ਕੋਈ ਸਾਡੇ ਵਿਰੁੱਧ ਸ਼ਿਕਾਇਤ ਨਹੀਂ ਕਰੇਗਾ। ਪਰ ਜਿਹੜਾ ਰਾਜ ਦਰਬਾਰ ਵਿਚ ਅਜਿਹਾ ਕਰਨ ਦਾ ਹੀਆ ਕਰੇਗਾ ਤੇ ਨਿਰਵੈਰਾਂ ਨਾਲ ਵੈਰ ਰਚਾਉਣ ਦਾ ਉੱਦਮ ਕਰੇਗਾ, ਗੁਰ ਪਰਮੇਸਰ ਆਪ ਉਸ ਨੂੰ ਸਜ਼ਾ ਦੇਵੇਗਾ। ਇਸ ਕਾਰਨ ਅਸੀਂ ਬਿਲਕੁਲ ਨਿਰਭਉ ਹੋ ਗਏ ਹਾਂ :

ਅਬ ਜਨ ਊਪਰਿ ਕੋ ਨ ਪੁਕਾਰੈ ॥
ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕਉ ਮਾਰੈ ॥੧॥ਰਹਾਉ॥
ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ ॥
ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ ॥੧॥
ਨਿਰਭਉ ਭਏ ਸਗਲ ਭਉ ਮਿਟਿਆ ਚਰਨ ਕਮਲ ਆਧਾਰੈ ॥
ਗੁਰ ਕੈ ਬਚਨਿ ਜਪਿਓ ਨਾਉ ਨਾਨਕ ਪ੍ਰਗਟ ਭਇਓ ਸੰਸਾਰੈ ॥੨॥੪੫॥੬੮॥

(ਸਾਰਗ ਮ: ੫, ਪੰਨਾ ੧੨੧੭)

ਰੱਬ ਦਾ ਭਾਣਾ ਵਰਤਿਆ ਕਿ ਰਸਤੇ ਵਿਚ ਹੀ ਸੁਲਬੀ ਖ਼ਾਨ ਦਾ ਝਗੜਾ ਆਪਣੇ ਪੁਰਾਣੇ ਨੌਕਰ ਹਸਨ ਅਲੀ ਖ਼ਾਨ ਨਾਲ ਹੋ ਗਿਆ, ਜਿਸ ਨੇ ਕ੍ਰੋਧ ਵਿਚ ਆ ਕੇ ਸੁਲਬੀ ਖ਼ਾਨ ਦਾ ਸਿਰ ਕੱਟ ਦਿੱਤਾ। ਇਉਂ ਪ੍ਰਿਥੀ ਚੰਦ ਦੀ ਸਾਰੀ ਯੋਜਨਾ ਅਸਫਲਤਾ ਦੀ ਡੂੰਘੀ ਖਾਈ ਵਿਚ ਡਿੱਗ ਪਈ।

ਹਜ਼ੂਰ ਦੇ ਸੱਚੇ ਸੁੱਚੇ, ਸਰਬ-ਕਾਲੀ ਬਚਨ ਸੁਨ ਕਿ ਹੋਰ ਸਭ ਆਸਾਂ ਤਿਆਗ ਕੇ ਆਪਣਾ ਆਪਾ ਪ੍ਰਭੂ ਨੂੰ ਸਮਰਪਣ ਕਰ ਦਿੱਤਾ ਹੈ। ਪ੍ਰਭੂ ਤੇ ਟੇਕ ਰੱਖਣ ਵਾਲੇ ਜੀਵ ਦਾ ਸਹਾਈ ਆਪ ਅਕਾਲ ਪੁਰਖ ਹੁੰਦਾ ਹੈ ਤੇ ਔਕੜ ਸਮੇਂ ਰੱਖਿਆ ਤੇ ਪ੍ਰਤਿਪਾਲਣਾ ਕਰਦਾ ਹੈ। ਪ੍ਰਭੂ ਦੇ ਹੁਕਮ ਪਛਾਨਣ ਤੇ ਰਜ਼ਾ ਵਿਚ ਰਹਿਣ ਦਾ ਇਹ ਫਲ ਹੈ ਕਿ ਉਸ ਜੀਵ ਦੇ ਸਭ ਫ਼ਿਕਰ, ਅੰਦੇਸ਼ੇ, ਤੌਖਲੇ ਕਾਫ਼ੂਰ ਹੋ ਜਾਂਦੇ ਹਨ। ਗੁਰਵਾਕ ਹੈ :


www.AKJ.Org

ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ ॥
ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ ॥੧॥
ਜਨ ਕਾ ਨਾਮੁ ਅਧਾਰ ਹੈ ਪ੍ਰਭ ਸਰਣੀ ਪਾਹਿ ॥
ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥੧॥ਰਹਾਉ॥
ਆਪਿ ਰਖੈ ਆਪਿ ਦੇਵਸੀ ਆਪੇ ਪ੍ਰਤਿਪਾਰੈ ॥
ਦੀਨ ਦਇਆਲ ਕ੍ਰਿਪਾਨਿਧੇ ਸਾਸਿ ਸਾਸਿ ਸਮ੍ਹਾਰੈ ॥੨॥
ਕਰਣਹਾਰ ਜੋ ਕਰਿ ਰਹਿਆ ਸਾਈ ਵਡਿਆਈ ॥
ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥
ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥
ਨਹ ਬਿਨਸੈ ਨ ਛੋਡਿ ਜਾਇ ਨਾਨਕ ਰੰਗਿ ਰਾਤਾ ॥੪॥੧੮॥੪੮॥

(ਬਿਲਾਵਲੁ ਮ: ੫, ਪੰਨਾ ੮੧੨-੧੩)

ਸੁਲਹੀ ਖ਼ਾਨ ਤੇ ਇਸ ਘਟਨਾ ਦਾ ਉਲਟਾ ਪ੍ਰਭਾਵ ਪਿਆ। ਉਸ ਦੇ ਕ੍ਰੋਧ ਦਾ ਪਾਰਾ ਹੋਰ ਚੜ੍ਹ ਗਿਆ, ਤੇ ਉਸ ਨੇ ਵੱਡੀ ਗਿਣਤੀ ਵਿਚ ਫੌਜ ਲੈ ਕੇ ਗੁਰਦੇਵ ਜੀ ਨੂੰ ਖੇਦ ਪਹੁੰਚਾਉਣ ਦਾ ਮਨਸੂਬਾ ਬਣਾਇਆ। ਇਹ ਗੱਲ ਕਦ ਤੱਕ ਗੁੱਝੀ ਰਹਿੰਦੀ! ਗੁਰਸਿੱਖਾਂ ਨੂੰ ਸੁਲਹੀ ਖਾਨ ਤੇ ਪ੍ਰਿਥੀ ਚੰਦ ਦੀ ਕੋਝੀ ਚਾਲ ਦਾ ਪਤਾ ਚਲ ਗਿਆ, ਤਾਂ ਸਿੱਖ ਸੇਵਕਾਂ ਨੇ ਬਚਾਉ ਲਈ ਗੁਰੂ ਸਾਹਿਬ ਨੂੰ ਕਈ ਤਜਵੀਜ਼ਾਂ ਪੇਸ਼ ਕੀਤੀਆਂ, ਪਰ ਸਤਿਗੁਰਾਂ ਨੇ ਫ਼ੁਰਮਾਇਆ ਕਿ ਮੈਂ ਸਭ ਉਪਾਅ ਛੱਡ ਕੇ ਕੇਵਲ ਅਕਾਲ ਪੁਰਖ ਨੂੰ ਹੀ ਸਿਮਰਦਾ ਹਾਂ ਅਤੇ ਮੈਨੂੰ ਇਕ ਉਸੇ ਦਾ ਹੀ ਆਸਰਾ ਹੈ:

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥
ਮਹਾ ਅਨੰਦ ਅਚਿੰਤ ਸਹਜਾਇਆ ॥ ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ਰਹਾਉ॥੫॥

(ਆਸਾ ਮਹਲਾ ੫, ਪੰਨਾ ੩੭੧)

ਹੋਰ ਫ਼ੁਰਮਾਇਆ ਕਿ ਤਨ, ਮਨ, ਦੋਨੋਂ ਹੁਣ ਵਾਹਿਗੁਰੂ ਦੀ ਮਲਕੀਅਤ ਹੈ, ਉਸ ਨੂੰ ਛੱਡ ਕੇ ਕਿਹੜੇ ਪਾਸੇ ਜਾਈਏ? ਭਾਵੇਂ ਗੁਰਸਿੱਖਾਂ ਨੇ ਪੂਰਨ ਵਿਸ਼ਵਾਸ ਦੁਆਰਾ ਸਤਿਗੁਰੂ ਦੇ ਆਤਮ-ਸਮਰਪਣ ਅੱਗੇ ਸੀਸ ਨਿਵਾਇਆ, ਫਿਰ ਵੀ ਉਨ੍ਹਾਂ ਦਾ ਤੌਖਲਾ ਤੇ ਚਿੰਤਾ ਦੂਰ ਕਰਨ ਲਈ ਹਜ਼ੂਰ ਨੇ ਪਿਤਾ ਗੁਰੂ ਰਾਮਦਾਸ ਜੀ ਦੇ ਬਚਨ ਦੁਹਰਾਏ: ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕੜੀਐ ॥੧॥ਰਹਾਉ॥੫॥

(ਗੋਂਡ ਮਹਲਾ ੪, ਪੰਨਾ ੮੬੧)

ਮਰਨ-ਜੀਵਨ ਅਕਾਲ ਪੁਰਖ ਦੇ ਆਪਣੇ ਹੱਥ ਹੈ। ਜੇ ਕੋਈ ਬੰਦਾ ਕਿਸੇ ਦੀ ਜਾਨ ਲੈਣ ਦੀ ਹਮਾਕਤ ਕਰੇ ਤਾਂ ਉਸ ਦੀ ਇਹ ਮਲੀਨ ਇੱਛਾ ਪ੍ਰਭੂ ਦੀ ਮਰਜ਼ੀ ਬਿਨਾ ਪੂਰੀ ਨਹੀਂ ਹੁੰਦੀ। ਜੇ ਇਨਸਾਨ ਦੇ ਵੱਸ ਹੋਵੇ ਤਾਂ ਉਹ ਆਪਣੇ ਕਿਸੇ ਵਿਰੋਧੀ ਨੂੰ ਮੂਲੋਂ ਨ ਛੱਡੇ –

ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ,
ਇਨ੍ ਕਾ ਵਾਹਿਆ ਕਛੁ ਨ ਵਸਾਈ ॥ ..੨॥੧॥ (ਗੋਂਡ ਮ: ੪, ਪੰਨਾ ੮੫੯)

ਏਧਰ ਹਜ਼ੂਰ ਵੀਹ ਵਿਸਵੇ ਆਤਮ-ਸਮਰਪਣ ਕਰ ਕੇ ਆਗਮ ਨਿਗਮ ਦੀਆਂ ਗੱਲਾਂ ਕਰ ਰਹੇ ਸਨ, ਓਧਰ ਬਿਰਦ-ਪਾਲ ਅਕਾਲ ਪੁਰਖ ਦਾ ਅਜਬ ਹੀ ਕੌਤਕ ਵਰਤ ਰਿਹਾ ਸੀ।

ਸੁਲਹੀ ਖ਼ਾਨ ਪ੍ਰਿਥੀ ਚੰਦ ਦੇ ਪਿੰਡ 'ਗੁਰੂ ਕੇ ਕੋਠੇ' ਪਹੁੰਚਿਆ। ਓਥੇ ਉਸ ਦੀ ਖ਼ੂਬ ਆਓ ਭਗਤ ਹੋਈ। ਪਤਾ ਨਹੀਂ ਕਿਸ ਤਰ੍ਹਾਂ ਦੀਆਂ ਨੀਚ ਸਲਾਹਾਂ ਬਣੀਆਂ। ਹੋਣੀ ਉਨ੍ਹਾਂ ਦੇ ਮਨਸੂਬੇ ਤੱਕ ਕੇ ਹੱਸ ਰਹੀ ਸੀ ਅਤੇ ਉਸ ਨੇ ਦੋਹਾਂ ਨੂੰ ਪ੍ਰਿਥੀ ਚੰਦ ਦੇ ਇੱਟਾਂ ਦੇ ਪੱਕਦੇ ਆਵੇ ਤੱਕ ਪਹੁੰਚਾ ਦਿੱਤਾ। ਸੁਲਹੀ ਖ਼ਾਨ ਦਾ ਘੋੜਾ ਤ੍ਰਭਕਿਆ

www.AKJ.Org

ਤੇ ਪਾਪੀ ਸਮੇਤ ਭੱਖਦੀ ਅੱਗ ਵਿਚ ਉੱਛਲ ਕੇ ਜਾ ਡਿੱਗਿਆ । ਇਉਂ ਅੱਗ ਵਿਚ ਸੜਦੇ ਤੜਫਦੇ ਸੁਲਹੀ ਖ਼ਾਨ ਦਾ ਅੰਤ ਮੁਸਲਮਾਨੀ ਰੀਤੀ ਵਿਰੁਧ ਨਾਪਾਕ ਹੋ ਕੇ ਹੋਇਆ । ਇਸ ਘਟਨਾ ਦਾ ਇਸ਼ਾਰਾ ਗੁਰਦੇਵ ਜੀ ਦੇ ਇਸ ਬਚਨ ਤੋਂ ਮਿਲਦਾ ਹੈ— ਸੁਲਹੀ ਤੇ ਨਾਰਾਇਣ ਰਾਖੁ ॥

ਸੁਲਹੀ ਕਾ ਹਾਥੁ ਕਹੀ ਨ ਪਹੁੰਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧।
ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥੨॥੧੮॥੧੦੬।(ਪੰਨਾ ੮੨੫)

ਸੰਗਤ ਨੂੰ ਧੀਰਜ ਦੇਣ ਲਈ, ਸਤਿਗੁਰੂ ਜੀ ਦੀ ਰਸਨਾ ਦੁਆਰਾ ਸਹਜ ਸੁਭਾਅ ਉਚਾਰਿਆ ਗਿਆ ਵਾਕ ਕਿ ਸੁਲਹੀ ਖ਼ਾਨ ਤੁਹਾਡਾ ਬਾਲ ਬਿੰਗਾ ਨਹੀਂ ਕਰ ਸਕੇਗਾ, ਉਸ ਦੀ ਮੌਤ ਨਾਲ ਪੂਰਾ ਹੋਇਆ ।

ਹਜ਼ੂਰ ਨੇ ਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਤੇ ਬਾਅਦ ਵੀ, ਤਾਣ ਹੁੰਦਿਆਂ ਨਿਤਾਣਾ ਤੇ ਮਾਣ ਹੁੰਦਿਆਂ ਨਿਮਾਣਾ ਬਣ ਕੇ ਦਿਖਾਇਆ । ਜੇ ਅਕਾਲ ਪੁਰਖ ਨੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਦੇ ਸਰੀਰਕ ਰੋਗ, ਸੰਕਟ ਦੀ ਘੜੀ ਅਤੇ ਮਾਰੂ ਹਮਲੇ ਤੋਂ ਰੱਖਿਆ ਕੀਤੀ ਤਾਂ ਸ਼ੁਕਰਾਨੇ ਭਰੇ ਸ਼ਬਦ ਉਚਾਰੇ, ਅਤੇ ਜੇ ਜਹਾਂਗੀਰ ਵਰਗਾ ਮੁਤੱਸਬੀ ਤੇ ਜਾਬਰ ਬਾਦਸ਼ਾਹ ਤਸੀਹੇ ਦੇਣ ਤੇ ਤੁੱਲ ਪਿਆ ਤਾਂ ਇਹ ਵੀ ਦਾਤਾਰ ਦੀ ਦਾਤਿ ਸਮਝ ਕੇ ਸਹਿਨ ਕੀਤਾ ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਐਸੀ ਨਵੇਕਲੀ ਸ਼ਹਾਦਤ ਹੈ, ਜਿਸ ਦਾ ਸੰਬੰਧ ਵਾਸਤਵ ਵਿਚ ਕਿਸੀ ਚੋਰੀ, ਡਾਕੇ, ਸ਼ਾਹੀ ਹੁਕਮ ਦੀ ਉਲੰਘਣਾ, ਬਗ਼ਾਵਤ, ਤਸ਼ੱਦਦ ਜਾਂ ਰਾਜ ਪਲਟਾਉਣ ਦੇ ਦੋਸ਼ ਨਾਲ ਨਹੀਂ, ਬਲਕਿ ਇਸ ਦੇ ਪਿਛੋਕੜ ਵਿਚ ਜਗਤ-ਜਲੰਦੇ ਨੂੰ ਠਾਰਨ ਲਈ ਹਮਦਰਦੀ, ਪਰਉਪਕਾਰ ਤੇ ਆਤਮ-ਸਮਰਪਣ ਦੀ ਭਾਵਨਾ ਸੀ, ਅਕਾਲ ਪੁਰਖ ਨਾਲ ਜੋੜਨ ਦਾ ਸਮੂਹਕ ਕਦਮ ਸੀ ।

ਧੰਨ ਧੰਨ ਹਨ ਗੁਰਦੇਵ ਪਿਤਾ ਜੀ, ਜਿਨ੍ਹਾਂ ਨੇ ਜੱਗ ਦੀ ਗੁੱਝੀ ਭਾਹਿ ਨਿਵਾਰਨ ਲਈ, ਜ਼ੁਲਮ ਦੀ ਅਗਨੀ ਦਾ ਸਾਰਾ ਸੇਕ ਆਪਣੇ ਸਰੀਰ ਤੇ ਲਿਆ, ਪ੍ਰਭੂ ਦੀ ਰਜ਼ਾ ਅੱਗੇ ਸੀਸ ਨਿਵਾਇਆ, ਤੇ ਬਿਖਮ ਭਾਣੇ ਨੂੰ ਇਉਂ ਜਰਿਆ ਜਿਉਂ ਅੰਮ੍ਰਿਤ ਦਾ ਛਾਂਦਾ ਛਕਣ ਲਈ ਨਸੀਬ ਹੁੰਦਾ ਹੈ ।

ਆਤਮ-ਸਮਰਪਣ ਕਰਨ ਵਾਲੇ ਸੇਵਕ ਦਾ ਚਰਿਤ੍ਰ ਸਤਿਗੁਰੂ ਜੀ ਨੇ ਮਾਰੂ ਰਾਗ ਦੇ ਇਕ ਸ਼ਬਦ ਵਿਚ ਚਿਤਰਿਆ ਹੈ, ਜੋ ਸਤਿਗੁਰੂ ਜੀ ਦੇ ਨਿਜੀ ਜੀਵਨ ਚਰਿਤ੍ਰ ਅਤੇ ਆਤਮ-ਸਮਰਪਣ ਦੇ ਭਾਵ ਨੂੰ ਹੂਬਹੂ ਦ੍ਰਿੜ੍ਹ ਕਰਾਉਂਦਾ ਹੈ— ਮਾਨੁ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥

ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੇ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥ (ਪੰਨਾ ੧੦੦੦)


www.AKJ.Org

# ਗੁਹਜ ਰਤਨ ਵਾਹਿਗੁਰੂ ਦਾ ਨਾਮ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰ-ਸ਼ਬਦ ਗੁਰ-ਮੰਤਰ ਦੀ ਖੇਡ ਗੁਰੂ ਘਰ ਅੰਦਰਿ ਬੜੀ ਹੀ ਗੁੱਝੀ ਹੈ। ਗੁਹਜ ਰਤਨ ਵਾਹਿਗੁਰੂ ਦਾ ਨਾਮੁ ਗੁਰਮੁਖ ਜਨ ਗੁੱਝਾ ਹੀ ਆਪਣੇ ਘਟ ਅੰਦਰਿ ਰਖਦੇ ਹਨ। ਅਤੇ ਅੰਦਰੇ ਅੰਦਰਿ ਗੁਪਤੇ ਗੁਪਤ ਉਸ ਦਾ ਰਸ ਰੰਗ ਮਾਣਦੇ ਹਨ। ਗੁਰੂ ਘਰ ਦੀ ਗੁਝੀ ਖੇਡ ਦੁਆਰਾ ਪਹਿਲਾਂ ਤਾਂ ਗੁਝੇ ਗੁਰਮੁਖ ਲਾਲਾਂ, ਪੰਚ ਪਰਵਾਣ ਪਿਆਰਿਆਂ ਨੂੰ ਪੰਥ ਵਿਚਿ ਟੋਲ ਵਿਰੋਲ ਕੇ ਲਭਿਆ ਜਾਂਦਾ ਹੈ। ਫੇਰ ਉਹ ਪੰਜੇ ਗੁਰੂ ਕੇ ਗੁਝੇ ਲਾਲ ਪਿਆਰੇ, ਗੁਰੂ ਕੀ ਜਣਾਈ ਗੁਝੀ ਗੁਰਮਤਿ ਜੁਗਤੀ ਅਨੁਸਾਰ (ਜੋ ਧੁਰ ਸ੍ਰੀ ਦਸਮੇਸ਼ ਦੇ ਸਮੇਂ ਤੋਂ ਸੀਨਾ-ਬਸੀਨਾ ਚਲੀ ਆਉਂਦੀ ਹੈ, ਪੰਥ ਅੰਦਰਿ ਹੀ ਗੁਝੀ ਚਲੀ ਆਉਂਦੀ ਹੈ) ਗੁਰ-ਦੀਖਿਆ ਰੂਪੀ ਅੰਮ੍ਰਿਤ-ਨਾਮ-ਅਧਿਕਾਰੀ ਜਨਾਂ ਦੇ ਹਿਰਦਿਆਂ ਘਟਾਂ ਅੰਦਰਿ ਪਰਵੇਸ਼ ਕਰਦੇ ਹਨ। ਇਹ ਗੁਰ-ਪਰਵੇਸ਼ਿਆ ਘਟੰਤਰੀ ਅੰਮ੍ਰਿਤ ਨਾਮ ਜੋਤਿ-ਜਗੰਨਾ ਹੀਰਾ ਰਤਨ ਹੋ ਕੇ, ਗੁਹਜ ਗੁਪਤੀ ਖੇਡ ਵਿਚ ਹਿਰਦੇ ਅੰਦਰਿ ਪ੍ਰਕਾਸ਼ਤ ਹੋ ਜਾਂਦਾ ਹੈ, ਕਈਆਂ ਵਡਭਾਗੀਆਂ ਪੂਰਬ ਲਿਖਤ ਅੰਕੂਰੀ ਉਚ ਕਰਮੱਗੀਆਂ ਦੇ ਹਿਰਦੇ ਅੰਦਰਿ ਅੰਮ੍ਰਿਤ ਛਕਣ ਸਮੇਂ ਹੀ ਗੁਰ-ਦੀਖਿਆ ਮਿਲਣ ਸਾਰ ਜਗਮਗਾ ਪੈਂਦਾ ਹੈ। ਇਹ ਜਗਮਗੀ ਝਾਲ ਓਹਨਾਂ ਤੋਂ ਝੱਲੀ ਨਹੀਂ ਜਾਂਦੀ, ਓਹ ਲੋਟ ਪੋਟ ਹੋ ਜਾਂਦੇ ਹਨ। ਗੁਰੂ ਸਰੂਪ ਪੰਜ ਪਿਆਰੇ ਹੀ ਇਹ ਝਾਲ ਝਲਾਉਂਦੇ ਅਜਰ ਜਰਾਉਂਦੇ ਹਨ। ਕਈਆਂ ਨੂੰ ਤੱਤ-ਫੜੱਤੀ ਜੋਤਿ ਜਗੰਤਰੀ ਪ੍ਰਗਾਸਤਾ ਨਹੀਂ ਹੁੰਦੀ, ਪਰ ਨਾਮ ਅਭਿਆਸ ਦਾ ਤੋਰਾ ਤੁਰ ਪੈਂਦਾ ਹੈ। ਰਸ ਰੁਮਕੀ ਸਾਂਗ ਭੀ ਉਹਨਾਂ ਦੇ ਹਿਰਦੇ ਅੰਦਰਿ ਫਿਰ ਜਾਂਦੀ ਹੈ। ਇਹ ਰਸ ਰੁਮਕੀ ਸਾਂਗ ਨਾਮ ਦ੍ਰਿੜ੍ਹਤਾ ਦੀ ਨੀਸ਼ਾਨੀ ਹੁੰਦੀ ਹੈ। ਇਸ ਦੇ ਆਸਰੇ ਉਭਾਰ ਕਰ ਕੇ ਓਹ ਨਾਮ ਅਭਿਆਸ ਕਮਾਈਆਂ ਵਿਚਿ ਲੱਕ ਬੰਨ੍ਹ ਕੇ ਜੁਟ ਪੈਂਦੇ ਹਨ। ਅਤੇ ਨਦਰ-ਕਰੰਮੀ ਸਾਰੇ ਸੰਜੋਗਾਂ ਦੇ ਅੰਕੂਰਤ ਹੋ ਜਾਣ ਪਰ, ਰਤਨ ਨਾਮ ਦੀ ਜੋਤਿ ਓਹਨਾਂ ਦੇ ਹਿਰਦੇ ਅੰਦਰਿ ਅਚਿੰਤੇ ਹੀ ਜਗ ਪੈਂਦੀ ਹੈ। ਸੱਚੜੇ ਸੁਹਾਗ ਭਾਗ ਦੇ ਪ੍ਰਾਪਤਿ ਹੋਣ ਦਾ ਇਹ ਪ੍ਰਿਥਮ ਝਲਕਾ ਪਹਿਲ-ਪਲੋਠੀ ਦਾ ਜਲਵਾ ਹੁੰਦਾ ਹੈ। ਇਉਂ "ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ" ਵਾਲੀ ਗੁਰਮਤਿ ਜੁਗਤੀ ਦਾ ਬਣਾਉ ਬਣਦਾ ਹੈ।

ਜੋ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਹੋਰ ਕਿਸੇ ਭੀ ਕਰਮ ਕਾਂਡ ਕਰਕੇ ਵਡੇ ਤੋਂ ਵਡੇ ਖ਼ੁਦਸਰੀ ਮਤਸਰੀ ਕਰਮ-ਕਾਂਡੀ ਤੋਂ ਨਹੀਂ ਲਖਿਆ ਜਾ ਸਕਦਾ, ਓਸ ਨੂੰ ਗੁਰ ਕੇ ਸ਼ਬਦ ਗੁਰ-ਮੰਤਰ ਦੀ ਦੀਖਿਆ ਦੁਆਰਾ ਸਹਜੇ ਹੀ ਲਖਿਆ ਜਾ ਸਕਦਾ ਹੈ। ਅਜਿਹੀ ਗੁਰ-ਦੀਖਿਆ ਗੁਰ-ਮੰਤਰੀ ਅੰਮ੍ਰਿਤ-ਨਾਮ ਨੂੰ ਜਿਨ੍ਹਾਂ ਨੇ ਇਸ ਕਲਜੁਗ ਅੰਦਰਿ ਲਖ ਕੇ ਅਤੇ ਪੰਜ ਪਿਆਰਿਆਂ ਦੀ ਜੁੜਨੀ ਵਿਚ ਜੁੜ ਕੇ ਹੋਰਨਾਂ ਨੂੰ ਭੀ ਸੁਣਾਇਆ ਦੀਖਸ਼ਾਇਆ ਹੈ, ਤਿਨ੍ਹਾਂ ਵਿਟਹੁ ਸ੍ਰੀ ਗੁਰੂ ਨਾਨਕ ਪੰਚਮੇਸ਼ ਵਾਰਨੇ ਬਲਿਹਾਰਨੇ ਜਾਂਦੇ ਹਨ। ਐਸੇ ਸੰਤ ਪਿਆਰੇ, ਜੋ ਸੱਚੇ ਵਾਹਿਗੁਰੂ ਦੀ ਨਦਰ-ਕਰੰਮੀ ਮੇਹਰ ਦੁਆਰਾ ਚੀਨੇ, ਚੁਣੇ, ਪਰਵਾਨੇ, ਪਰਧਾਨੇ (ਧਾਰੇ) ਗਏ ਹਨ, ਤਿਨ੍ਹਾਂ ਦਾ ਦਰਸ਼ਨ ਵਡਭਾਗੀਂ ਹੀ ਮਿਲਦਾ ਹੈ। ਅਜਿਹੇ ਪੰਜ ਪਿਆਰਿਆਂ ਗੁਰੂ ਸੰਵਾਰਿਆਂ ਦੇ ਦਰਸ਼ਨ ਪਾਉਣਹਾਰੇ ਵਡਭਾਗੀਆਂ ਵਿਟਹੁ ਭੀ ਗੁਰੂ ਸਾਹਿਬ ਕੁਰਬਾਨ ਹੁੰਦੇ ਹਨ—

ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ਰਹਾਉ॥੩੫॥

(ਮਾਝ ਮ: ੫, ੧੩੦)

["ਗੁਰਮਤਿ ਕਰਮ ਫ਼ਿਲਾਸਫ਼ੀ", ਪੰਨਾ ੪੫੩-੫੪)

# ਗੁਰੂ ਅਰਜਨ ਸਾਹਿਬ ਦਾ ਜੀਵਨ-ਸਿਧਾਂਤ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਗੁਰੂ ਅਰਜਨ ਸਾਹਿਬ ਇਕ ਅਨੁਭਵੀ ਕਲਾਵਾਨ, ਪਵਿੱਤਰਤਾ ਦੇ ਸੋਮੇ, ਉਚਤਮ ਸਾਹਿਤਕ-ਪ੍ਰਤਿਭਾ ਵਾਲੇ ਅਰਸ਼ੀ ਲਿਖਾਰੀ, ਮਹਾਨ ਉਸਰਈਏ, ਲਾਸਾਨੀ ਵਿਉਂਤਕਾਰ, ਗੰਭੀਰ ਚਿੰਤਕ, ਸੰਤ, ਕਲਾਕਾਰ, ਸੰਗੀਤ-ਪ੍ਰੇਮੀ, ਕਾਵਿ-ਰਚਨਾ ਦੇ ਸੋਮੇ, ਕੋਮਲ ਕਲਾਵਾਂ ਦੇ ਸਮਰੱਥਕ, ਭਾਸ਼ਾ-ਵਿਗਿਆਨੀ, ਅਤਿ ਨਿਮਰਤਾ ਵਾਲੇ ਮਹਾਨ ਵਿਅਕਤੀ ਤੇ ਬਹੁਪੱਖੀ ਗਿਆਨ ਦੇ ਭੰਡਾਰ ਪਾਰਖੂ ਵਿਦਵਾਨ ਸਨ। ਅਕਾਲ ਪੁਰਖ ਦੀ ਅਗੰਮੀ ਜੋਤੀ ਸਦੀਵ-ਕਾਲ ਉਨ੍ਹਾਂ ਦੇ ਅੰਦਰ ਲੱਟ ਲੱਟ ਪ੍ਰਕਾਸ਼ਮਾਨ ਹੋਣ ਕਾਰਨ, ਸੰਸਾਰ ਭਰ ਦੇ ਗੁਣਾਂ ਦੇ ਉਹ ਸਮੂਹ ਸਨ। ਰਾਗ ਰਾਗਣੀਆਂ, ਕਾਵਿ, ਦੇਸ਼ ਦੀਆਂ ਭਾਸ਼ਾਵਾਂ ਅਤੇ ਸੁਘੜਤਾ ਸੁਜਾਨਤਾ ਉਨ੍ਹਾਂ ਦੇ ਚਰਨਾਂ ਦੀਆਂ ਦਾਸੀਆਂ ਸਨ।

ਉਨ੍ਹਾਂ ਦੇ ਸੰਪਰਕ ਵਿਚ ਆਏ ਵਿਅਕਤੀ ਨਾ-ਕੇਵਲ ਆਤਮਕ ਤੌਰ ਤੇ ਹੀ ਅਮੀਰ ਹੋ ਜਾਂਦੇ ਸਨ, ਸਗੋਂ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਅਮਿਟ ਛਾਪ ਉਨ੍ਹਾਂ ਦੇ ਮਨਾਂ ਉਤੇ ਸਦਾ ਲਈ ਰਹਿ ਜਾਂਦੀ ਸੀ।

ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਸਨ, ਲੋਕ ਉਨ੍ਹਾਂ ਨੂੰ ਪਿਆਰ ਕਰਦੇ ਸਨ। ਉਹ ਸਿੱਖਾਂ ਦੇ ਸੱਚੇ ਗੁਰੂ ਹੋਣ ਤੋਂ ਛੁੱਟ ਇੱਕ ਪਵਿਤਰ ਆਤਮਾ ਵਾਲੇ ਬ੍ਰਹਮਗਿਆਨੀ ਸਨ, ਜਿਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਲਈ ਲੋਕ ਤਾਂਘਦੇ ਸਨ। ਉਨ੍ਹਾਂ ਦੀ ਮਿੱਠੀ ਜਿਹੀ ਤੱਕਣੀ ਜੀਵਨ ਤੋਂ ਟੁੱਟੇ ਹੋਏ ਮਨੁੱਖਾਂ ਨੂੰ ਜ਼ਿੰਦਗੀ ਦੇ ਰਾਣੇ ਬਣਾ ਦਿੰਦੀ ਸੀ। ਦਿਲਾਂ ਨੂੰ ਮੋਹ ਲੈਣ ਵਾਲੀ ਨੂਰਾਨੀ ਸ਼ਖਸੀਅਤ ਆਪ ਨੂੰ ਵਿਰਸੇ ਵਿਚ ਮਿਲੀ ਸੀ। ਉਨ੍ਹਾਂ ਦੇ ਆਲੇ-ਦੁਆਲੇ ਕਣ-ਕਣ ਵਿਚ ਪਿਆਰ, ਸੁਹਿਰਦਤਾ ਤੇ ਹਮਦਰਦੀ ਖਿਲਰੀ ਪਈ ਸੀ, ਜਿਸ ਤੋਂ ਸਰਸ਼ਾਰ ਹੋ ਕੇ ਲੋਕ ਸਦਾ ਅਨੰਦ ਦੀ ਮਸਤੀ ਵਿਚ ਖੀਵੇ ਹੋਏ ਰਹਿੰਦੇ ਸਨ। ਉਹ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੇ ਹੋਏ, ਸਭ ਹਿਰਦਿਆਂ ਵਿਚ ਉਸੇ ਦਾ ਨਿਵਾਸ ਮੰਨਦੇ ਸਨ। ਸਾਰਾ ਸੰਸਾਰ ਉਨ੍ਹਾਂ ਵਾਸਤੇ ਅਕਾਲ ਪੁਰਖ ਦਾ ਜ਼ਹੂਰ ਸੀ। ਉਹ ਵਾਹਿਗੁਰੂ ਦੀ ਹੋਂਦ ਤੇ ਆਭਾ ਤੋਂ ਇਤਨੇ ਪ੍ਰਭਾਵਤ ਸਨ ਕਿ ਉਨ੍ਹਾਂ ਨੂੰ ਕੋਈ ਵੈਰੀ ਜਾਂ ਬਿਗਾਨਾ ਨਹੀਂ ਸੀ ਜਾਪਦਾ। ਉਹ ਜੋ ਕੁਝ ਕਾਦਰ ਦੀ ਕੁਦਰਤ ਵਿਚੋਂ ਅਨੁਭਵ ਕਰਦੇ ਸਨ, ਉਸੇ ਦਾ ਬਿਆਨ ਆਪਣੀ ਬਾਣੀ ਵਿਚ ਕਰਦੇ ਸਨ। ਉਨ੍ਹਾਂ ਨੂੰ ਪ੍ਰਕਿਰਤੀ ਦੀ ਹਰ ਸ਼ੈ ਵਿਚੋਂ ਅਕਾਲ ਪੁਰਖ ਦਾ ਜਲਵਾ ਨਜ਼ਰ ਆਉਂਦਾ ਸੀ। ਸਾਰਾ ਬ੍ਰਹਿਮੰਡ ਉਸ ਵਾਹਿਗੁਰੂ ਦੀ ਹੋਂਦ ਦਾ ਪ੍ਰਤੀਕ ਜਾਪਦਾ ਸੀ। ਸਮੁੱਚਾ ਸੰਸਾਰ ਉਨ੍ਹਾਂ ਦੀਆਂ ਨਜ਼ਰਾਂ ਵਿਚ ਦੈਵੀ-ਅਸਤਿਤਵ ਰੱਖਦਾ ਸੀ।

ਗੁਰੂ ਸਾਹਿਬ ਦੀ ਰਚਨਾ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਕਵਿਤਾ ਉਨ੍ਹਾਂ ਦੇ ਅੰਦਰੋਂ ਚਸ਼ਮੇ ਦੇ ਪਾਣੀ ਵਾਂਗ ਫੁੱਟਦੀ ਸੀ। ਉਨ੍ਹਾਂ ਦੀ ਸੋਚਣੀ ਸਾਫ ਤੇ ਕਹਿਣ-ਢੰਗ ਬੜਾ ਪ੍ਰਭਾਵਸ਼ਾਲੀ ਹੈ। ਉਨ੍ਹਾਂ ਦੀਆਂ ਕਈ ਤੁੱਕਾਂ ਵਿਚ ਸਮੁਚੇ ਤੌਰ ਤੇ ਉਹ ਵਿਦਵਤਾ ਭਰੀ ਹੋਈ ਹੈ ਜੋ ਕਈ ਲੇਖਕ ਆਪਣੀ ਸਮੁੱਚੀ ਰਚਨਾ ਵਿਚ ਵੀ ਨਹੀਂ ਦੇ ਸਕੇ। ਉਨ੍ਹਾਂ ਦੇ ਦਿਲ ਵਿਚੋਂ ਨਿਕਲੇ ਹੋਏ ਸ਼ਬਦਾਂ ਵਿਚ ਉਹ ਸ਼ਕਤੀ ਹੈ ਜੋ ਭਾਵਾਂ ਦੇ ਵਿਸ਼ਵਾਸ ਦੀ ਗੰਭੀਰਤਾ ਵਿਚੋਂ ਨਿਕਲਦੀ ਹੈ। ਉਨ੍ਹਾਂ ਦੀ ਰਚਨਾ ਵਿਚੋਂ ਨਿਸਚੇ ਹੀ ਪ੍ਰਕਾਸ਼-ਮਈ ਸੁਹਿਰਦਤਾ ਵਾਲੇ ਪ੍ਰਭਾਵਸ਼ਾਲੀ ਅਣਮੁੱਲੇ ਨਮੂਨੇ ਨਿਕਲਦੇ ਹਨ, ਜੋ ਉਨ੍ਹਾਂ ਦੀ ਉਚ ਆਤਮ-ਅਵਸਥਾ, ਈਮਾਨਦਾਰੀ ਤੇ ਨਿਡੱਰਤਾ ਦਾ ਪਤਾ ਦਿੰਦੇ ਹਨ। ਗੁਰੂ ਸਾਹਿਬ ਦੀਆਂ ਦਲੀਲਾਂ ਪ੍ਰੇਰਨਾ-ਜਨਕ ਹੁੰਦੀਆਂ ਹਨ ਤੇ ਧੁਰ ਅੰਦਰਲੇ ਨੂੰ ਪ੍ਰਭਾਵਤ ਕਰਦੀਆਂ ਹਨ।

ਉਨ੍ਹਾਂ ਦੀ ਸ਼ੈਲੀ ਤੇ ਸ਼ਬਦਾਵਲੀ ਜਾਦੂ ਦਾ ਅਸਰ ਰੱਖਦੀ ਹੈ, ਜਿਨ੍ਹਾਂ ਰਾਹੀਂ ਉਹ ਸਿੱਖੀ ਦੇ ਮੁਢਲੇ ਸੰਕਲਪ ਬੜੀ ਸਰਲਤਾ ਤੇ ਸੁਚੱਜਤਾ ਨਾਲ ਵਰਨਣ ਕਰਦੇ ਹਨ. ਪਰ ਅਤਿ ਰਸਦਾਇਕ ਬੋਲਾਂ ਵਿਚ। ਉਨ੍ਹਾਂ ਦੀ ਰਚਨਾ ਵਿਚੋਂ ਮੌਲਿਕਤਾ, ਅਧਿਆਤਮਕ ਡੂੰਘਾਈ, ਨੈਤਿਕ-ਦਲੇਰੀ ਉਮਡ ਉਮਡ ਪੈਂਦੀ ਹੈ। ਉਹ ਸਚਿਆਈ ਦਾ ਅੰਤਰੀਵ ਭਾਵ ਬੜੀ ਉਤਮਤਾ ਨਾਲ ਨਿਖਾਰਦੇ ਹਨ ਤੇ ਮਨੁੱਖੀ ਮਨ ਦੀ ਦਵੰਦਤਾ ਨੂੰ ਸਾਫ ਕਰਦੇ ਹਨ।

ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਤਿਗੁਰਾਂ ਦੇ ਕੀਤੇ ਮਾਪ-ਦੰਡ ਦੇ ਅਸੂਲ ਅਤੇ ਉਹਨਾਂ ਵਲੋਂ ਵਿਖਾਇਆ ਗਿਆ ਪਵਿੱਤਰ ਰਸਤਾ ਤਾਂ ਹੀ ਸੁਰਜੀਤ ਰਹਿ ਸਕਦਾ ਹੈ ਜੇਕਰ ਆਮ ਲੋਕ ਉਹਨਾਂ ਦੇ ਭਾਵ ਹਿਰਦੇ ਅੰਦਰ ਵਸਾ ਸਕਣ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਿਖਿਆ ਕੇਵਲ ਸਿੱਖਾਂ ਲਈ ਹੀ ਨਹੀਂ ਸੀ, ਸਗੋਂ ਸਮੁੱਚੀ ਮਨੁਖਤਾ ਲਈ ਭੀ ਹੈ। ਗੁਰੂ ਸਾਹਿਬਾਨ ਨੇ ਕੋਈ ਸੰਕੀਰਨ ਫ਼ਿਲਾਸਫ਼ੀ ਲੋਕਾਂ ਤੇ ਨਹੀਂ ਠੋਸੀ, ਸਗੋਂ ਸਰਬ ਮਨੁੱਖਤਾ ਲਈ ਸਦਾ ਸੱਚ ਰਹਿਣ ਵਾਲੇ ਸਿਧਾਂਤ ਕਾਇਮ ਕੀਤੇ, ਤਾਂਕਿ ਇਨ੍ਹਾਂ ਤੋਂ ਸਭ ਧਰਮਾਂ ਦੇ ਅਨੁਆਈ ਲਾਭ ਪ੍ਰਾਪਤ ਕਰ ਸਕਣ। ਇਸੇ ਲਈ ਉਨ੍ਹਾਂ ਨੇ ਸਿੱਖ ਫ਼ਲਸਫ਼ਾ ਆਮ ਸਧਾਰਨ ਬੋਲੀ ਵਿਚ ਵਿਆਖਿਆ ਤੇ ਇਸ ਵਿਚ ਦਿਸਦੀ ਦੁਨੀਆ ਦੀਆਂ ਕਦਰਾਂ-ਕੀਮਤਾਂ ਉਤੇ ਜ਼ੋਰ ਦਿੱਤਾ। ਉਨ੍ਹਾਂ ਦੀ ਲਿਖਤ ਵਿਚੋਂ ਸੱਚ, ਪਿਆਰ ਤੇ ਫ਼ਰਜ਼-ਸ਼ਨਾਸੀ ਵਰਗੇ ਦੇਵੀ ਗੁਣ ਝਲਕਾਂ ਮਾਰਦੇ ਹਨ ਤੇ ਸਧਾਰਨ ਗੱਲਾਂ ਵਿਚੋਂ ਵੀ ਡੂੰਘੀ ਫ਼ਿਲਾਸਫ਼ੀ ਝਰ ਝਰ ਪੈਂਦੀ ਹੈ। ਉਨ੍ਹਾਂ ਦੇ ਵਿਚਾਰ ਦੇਵੀ-ਪ੍ਰੇਮ ਤੇ ਮਨੁੱਖੀ-ਹਮਦਰਦੀ ਨਾਲ ਓਤ-ਪੋਤ ਹਨ। ਸ਼ਬਦਾਂ ਵਿਚ ਮਿੱਠਾ ਮਿੱਠਾ ਸੰਗੀਤ ਮਨੁਖੀ ਮਨ ਅੰਦਰ ਸਿੰਜਰਦਾ ਜਾਂਦਾ ਹੈ। ਚਿੰਨ੍ਹਾਂ-ਚਿਤਰਾਂ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਉਹ ਧਨੀ ਸਨ ਅਤੇ ਮੁਸ਼ਕਿਲ ਤੇ ਕਠਿਨ ਵਿਚਾਰ ਵੀ ਇਤਨੀ ਸਫਲਤਾ ਨਾਲ ਪੇਸ਼ ਕੀਤੇ ਹਨ ਕਿ ਸਾਧਾਰਨ ਬੁੱਧੀ ਵਾਲੇ ਮਨੁੱਖਾਂ ਨੂੰ ਵੀ ਸਮਝਣ ਵਿਚ ਕੋਈ ਔਕੜ ਨਹੀਂ ਆਉਂਦੀ, ਕਿਉਂਕਿ ਚਿੰਨ੍ਹ ਤੇ ਚਿੱਤਰ ਆਮ ਰੋਜ਼ ਦੇ ਜੀਵਨ ਵਿਚੋਂ ਲਏ ਗਏ ਹਨ।

ਉਨ੍ਹਾਂ ਦੇ ਗੀਤਾਂ ਵਰਗੇ ਮਿੱਠੇ ਸ਼ਬਦਾਂ ਦਾ ਅਸਰ ਬੜਾ ਪ੍ਰਭਾਵਸ਼ਾਲੀ ਹੈ। ਇਨ੍ਹਾਂ ਉਤੇ ਸਾਹਿਤਕ ਚਾਸ਼ਣੀ ਹੋਣ ਕਰਕੇ ਰੂਹ ਨੂੰ ਤ੍ਰਿਪਤਾਉਣ ਦੀ ਸ਼ਕਤੀ ਹੈ। ਘਰੋਗੀ ਉਪਮਾਵਾਂ ਵਰਤ ਕੇ ਬਾਣੀ ਨੂੰ ਆਮ ਲੋਕਾਂ ਦੇ ਸਮਝਣ-ਯੋਗ ਬਣਾ ਦਿੱਤਾ ਗਿਆ ਹੈ। ਸਰਲਤਾ ਇਤਨੀ ਹੈ ਕਿ ਹਿਰਦੇ ਅੰਦਰ ਧੂਹ ਪਾਉਂਦੀ ਜਾਂਦੀ ਹੈ। ਕਵਿਤਾ ਉਹ ਹੀ ਪ੍ਰਭਾਵਸ਼ਾਲੀ ਤੇ ਗੁਣਕਾਰੀ ਹੈ ਜੋ ਮਨੁੱਖ ਦੇ ਮਨ ਨੂੰ ਤ੍ਰਿਪਤਾਉਂਦੀ ਹੈ।

ਉਹ ਸਿੱਖੀ ਸਿਧਾਂਤਾਂ ਨੂੰ ਅਨੂਠੇ ਢੰਗ ਨਾਲ ਪ੍ਰਚਾਰਦੇ ਹਨ ਤੇ ਉਨ੍ਹਾਂ ਨੇ "ਗੁਰੂ ਨਾਨਕ ਮਾਰਗ" ਤੇ ਚਲਦਿਆਂ ਉਹ ਹੀ ਪੈੜਾਂ ਲਿਤਾੜੀਆਂ, ਜਿਹੜੀਆਂ ਗੁਰੂ ਨਾਨਕ ਸਾਹਿਬ ਕਾਇਮ ਕਰ ਗਏ ਸਨ।

ਉਨ੍ਹਾਂ ਦੀ ਬਿਜਲਈ ਲਿਸ਼ਕ ਵਾਲੀ ਬੋਧਿਕਤਾ ਤੇ ਗਤੀਸ਼ੀਲ ਯੋਗਤਾ, ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਕਾਰਨ ਸਿੱਖ ਕੌਮ ਦਾ ਸਤਿਕਾਰ ਹੋਰ ਵਧਿਆ। ਉਨ੍ਹਾਂ ਨੇ ਅਧਿਆਤਮਕ ਵਿਸ਼ਿਆਂ ਦਾ ਵਿਸ਼ਲੇਸ਼ਣ ਆਪਣੀ ਬਾਣੀ ਵਿਚ ਇਸ ਯੋਗਤਾ ਨਾਲ ਕੀਤਾ ਕਿ ਅਕਾਲ ਪੁਰਖ ਵਿਚ ਸ਼ਰਧਾ ਤੇ ਵਿਸ਼ਵਾਸ ਆਪਣੇ ਆਪ ਵੱਧਦਾ ਚਲਾ ਜਾਂਦਾ ਹੈ। ਉਨ੍ਹਾਂ ਨੇ ਮਨੁੱਖੀ ਮਨ ਨੂੰ ਅਕਾਲ ਪੁਰਖ ਵਲ ਮੋੜਨ ਲਈ ਬਾਰ ਬਾਰ ਪ੍ਰੇਰਨਾ ਕੀਤੀ ਹੈ। ਉਨ੍ਹਾਂ ਇਸ ਤੱਥ ਨੂੰ ਉਜਾਗਰ ਕੀਤਾ ਕਿ ਮਨੁੱਖਤਾ ਦੀ ਸੱਚੀ-ਸੇਵਾ, ਲੋਕਾਂ ਦੀ ਡਿੱਗੀ ਹੋਈ ਆਤਮਾ ਨੂੰ ਉਚਾ ਚੁੱਕਣ ਵਿਚ ਹੀ ਹੈ।

ਉਨ੍ਹਾਂ ਨੇ ਮਨੁੱਖ ਮਾਤਰ ਦੇ ਭਲੇ ਲਈ, ਸੰਸਾਰ ਸਾਗਰ ਤੋਂ ਪਾਰ ਉਤਰਨ ਲਈ, ਅਗਾਧ ਬੋਧ ਬਾਣੀ ਦਾ ਇੰਨਾ ਮਹਾਨ ਕਾਰਜ ਕਰ ਵਿਖਾਇਆ, ਜਿਸ ਦੇ ਸਾਹਮਣੇ ਦੁਨੀਆ ਭਰ ਦੇ ਵਿਦਵਾਨਾਂ ਅਤੇ ਮਹਾਂ ਪੁਰਸ਼ਾਂ ਦੇ ਸਿਰ ਝੁਕ ਜਾਂਦੇ ਹਨ। ਪਰ ਇੰਨਾ ਅਮੋਲਕ ਤੇ ਵਿਸ਼ਾਲ ਭੰਡਾਰ ਕਮਾਲ ਦੀ ਵਿਉਂਤ ਨਾਲ ਇਕਠੇ ਕਰ ਕੇ, ਰਚਨਾ ਦੀ ਸੰਪੂਰਨਤਾ ਹੋਣ ਤੇ ਸ਼ੁਕਰਾਨੇ ਵਜੋਂ ਪ੍ਰਭੂ ਚਰਨਾਂ ਵਿਚ ਜੋ ਇਹ ਜੋਦੜੀ ਕੀਤੀ ਹੈ ਕਿ ਹੇ ਪ੍ਰਭੂ! ਤੇਰੇ ਕੀਤੇ ਇਸ ਉਪਕਾਰ ਨੂੰ ਮੈਂ ਨਹੀਂ ਜਾਤਾ, ਮੈਂ ਨਿਰਗੁਣ ਵਿਚ ਕੋਈ ਗੁਣ ਨਹੀਂ ਸੀ, ਤੈਨੂੰ ਆਪੇ ਮੇਰੇ ਤੇ ਤਰਸ ਆਇਆ ਤੇ ਮੈਨੂੰ ਇਸ ਕਾਰਜ ਦੇ ਕਰਨ ਯੋਗ ਬਣਾਇਆ, ਇਸ ਜੋਦੜੀ ਵਿਚ ਇੰਨੀ ਗਰੀਬੀ ਅਤੇ ਇੰਨੀ ਨਿਮਰਤਾ ਹੈ ਤੇ ਹਉਮੈ ਦਾ ਤਿਆਗ ਹੈ, ਜੋ ਸ਼ਾਇਦ ਦੁਨੀਆ ਭਰ ਦੇ ਸਾਹਿੱਤ ਵਿਚ ਕਿਤੋਂ ਨਾ ਲਭ ਸਕੇ। ਆਪ ਦੇ ਬਚਨ ਹਨ–

ਤੇਰਾ ਕੀਤਾ ਜਾਤੋ ਨਾਹੀ ਮੈਨੂੰ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥


www.AKJ.Org

ਅਤੇ ਜਦੋਂ ਤਰਸ ਪੈ ਗਿਆ ਤੇ ਮਿਹਰ ਦੀ ਦ੍ਰਿਸ਼ਟੀ ਹੋ ਗਈ, ਤਾਂ—

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

ਸਤਿਗੁਰੂ ਜੀ ਦੀ ਇਸ ਜੋਦੜੀ ਦੇ ਸਾਹਮਣੇ ਅਸੀਂ ਆਪਣੇ ਅੰਦਰ ਝਾਤੀ ਮਾਰ ਵੇਖੀਏ, ਜੋ ਸਾਹਿੱਤ-ਰਚਨਾ ਦਾ ਤੁੱਛ ਮਾਤਰ ਕਾਰਜ ਕਰ ਕੇ ਆਪਣੀ ਹਉਂ ਵਿਚ ਮਿਉਂਦੇ ਨਹੀਂ ਅਤੇ ਆਪਣੀ ਉਸਤਤਿ ਦੇ ਪੁਲ ਬੰਨ੍ਹਦੇ ਹਾਂ।

ਪੰਚਮ ਪਾਤਸ਼ਾਹ ਦੀ ਬਾਣੀ ਵਿਚ ਵਿਚਾਰੇ ਗਏ ਵਿਸ਼ਿਆਂ ਵਿਚੋਂ ਕੁਝ ਅਤਿ ਮਹੱਤਵ-ਪੂਰਨ ਹੇਠ ਲਿਖੇ ਅਨੁਸਾਰ ਹਨ :—

੧. ਅਕਾਲ ਪੁਰਖ ਕੀ ਹੈ ?　　੨. ਮਨੁਖੀ ਹੋਂਦ ਦਾ ਮੰਤਵ ਕੀ ਹੈ ?
੩. ਆਪਣੇ ਅਸਲੇ ਦੀ ਪਛਾਣ ਤੇ ਅਕਾਲ ਪੁਰਖ ਦੀ ਪ੍ਰਾਪਤੀ ਅਤੇ ਉਸ ਨਾਲ ਇੱਕ ਮਿੱਕ ਹੋਣਾ।
੪. ਮਾਇਆ ਤੇ ਨਾਮ।　　੫. ਨਾਮ ਜਪਣ ਨਾਲ ਮੁਕਤੀ।
੬. ਕੀ ਸੰਸਾਰ ਇਕ ਧੋਖਾ/ਛਲ ਹੈ ਜਾਂ ਅਸਲੀਅਤ ?　　੭. ਕਰਮ-ਫ਼ਿਲਾਸਫ਼ੀ ਤੇ ਕਿਰਪਾ-ਫ਼ਿਲਾਸਫ਼ੀ।

ਉਨ੍ਹਾਂ ਦਾ ਕਹਿਣਾ ਹੈ ਕਿ ਪਰਮਾਤਮਾ ਨਾਲ ਅਭੇਦ ਹੋਣ ਤੇ ਜੋ ਖੁਸ਼ੀ ਹੁੰਦੀ ਹੈ ਉਹ ਸਾਰੇ ਸੰਸਾਰੀ-ਸੁੱਖਾਂ ਦੀ ਪ੍ਰਾਪਤੀ ਨਾਲ ਨਹੀਂ ਹੁੰਦੀ। ਅਸਲੀ ਸੁੱਖ ਤਾਂ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੇ ਅੰਦਰੋਂ ਹਉਮੈ ਮਾਰ ਮੁਕਾਉਣ ਵਿੱਚ ਹੈ। ਉਨ੍ਹਾਂ ਦਾ ਕਥਨ ਹੈ :—

ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥
ਦਿਨਿ ਥਿਧਿ ਕੁਸਲ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥੧॥ਰਹਾਉ ਦੂਜਾ॥ ਪੰ: ੧੭੬

ਇਹ ਉਹ ਖੁਸ਼ੀ ਹੈ ਜੋ ਸੰਸਾਰਕ ਭੋਗਾਂ ਤੇ ਪਦਾਰਥਾਂ ਦੀ ਪ੍ਰਾਪਤੀ ਨਾਲ ਨਹੀਂ ਮਿਲ ਸਕਦੀ। ਜੇਕਰ ਇਹ ਮਿਲ ਸਕਦੀ ਹੁੰਦੀ ਤਾਂ ਅਮੀਰ ਆਦਮੀ ਕਦੇ ਦੁਖੀ ਨਾ ਹੁੰਦਾ। ਅੱਜ ਦੇ ਯੁੱਗ ਵਿਚ ਵਿਗਿਆਨ ਦੀ ਤਰੱਕੀ ਨਾਲ ਮਨੁੱਖ ਵਾਸਤੇ ਸਭ ਸੁਖਾਂ ਦੇ ਸਾਧਨ ਉਪਲਭਧ ਕੀਤੇ ਜਾ ਸਕਦੇ ਹਨ। ਪਰ ਇਹ ਖੁਸ਼ੀ ਤਾਂ ਮਾਨਸਿਕ-ਪ੍ਰਸੰਨਤਾ ਹੈ, ਜੋ ਭੋਗਾਂ, ਪਦਾਰਥਾਂ, ਮਾਇਆ ਦੇ ਐਸ਼ਵਰਜ ਨਾਲ ਹਾਸਲ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬ ਜਗਿਆਸੂ ਨੂੰ ਸਾਵਧਾਨ ਕਰਦੇ ਹੋਏ ਕਹਿੰਦੇ ਹਨ—

ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥...॥੧॥ਰਹਾਉ॥

ਅਤੇ— ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥੩॥੯੨॥　(ਪੰਨਾ ੫੦)

ਉਨ੍ਹਾਂ ਦਾ ਫੁਰਮਾਨ ਹੈ ਕਿ ਮਨੁੱਖਾ ਜਨਮ ਦਾ ਲਾਹਾ ਇਹ ਹੀ ਹੈ ਕਿ ਮਨੁੱਖ ਨਾਮ-ਸਿਮਰਨ ਵਿਚ ਲਗੇ—

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥੪॥੨੩॥੯੨॥ (ਪੰਨਾ ੫੦)

ਮਨੁੱਖੀ ਕਦਰਾਂ-ਕੀਮਤਾਂ ਦਾ ਸੰਬੰਧ ਜਦ ਤੱਕ ਅਕਾਲ ਪੁਰਖ ਨਾਲ ਨਾ ਜੋੜਾਂਗੇ, ਅਸੀਂ ਆਪਣਾ ਨਿਸ਼ਾਨਾ ਪ੍ਰਾਪਤ ਨਹੀਂ ਕਰ ਸਕਾਂਗੇ। ਮਨੁਖੀ ਭਰਾਤਰੀ-ਭਾਵ, ਪ੍ਰੇਮ, ਦਾਨ-ਪੁੰਨ, ਸਾਧ-ਸੰਗਤ ਤੇ ਹਮਦਰਦੀ ਆਦਿ ਸ਼ੁਭ ਗੁਣ ਵੀ ਅਕਾਲ ਪੁਰਖ ਦੇ ਪਿਆਰ ਵਿਚੋਂ ਹੀ ਉਪਜਦੇ ਹਨ, ਨਹੀਂ ਤਾਂ ਮਨੁੱਖ-ਮਨੁੱਖ ਦਾ ਵੈਰੀ ਹੋ ਸਕਦਾ ਹੈ। ਲੋੜ ਹੈ ਆਪਣੀਆਂ ਸਿਆਣਪਾਂ ਦਾ ਤਿਆਗ ਕੇ, ਠਾਕੁਰ 'ਤੇ ਭਰੋਸਾ ਰਖਦਿਆਂ, ਉਸ ਦੇ ਮਿਲਾਪ ਲਈ ਅਰਦਾਸ ਕਰਨ ਦੀ। ਆਪ ਨੇ ਫੁਰਮਾਇਆ ਹੈ—

ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥੭॥
ਕਰਉ ਬਨਤੀ ਸਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥ (ਪੰਨਾ ੭੫੯)

ਪਰਮੇਸ਼ਰ ਤੋਂ ਭੁਲਿਆਂ ਸਭ ਤਕਲੀਫਾਂ, ਔਕੜਾਂ ਆ ਘੇਰਦੀਆਂ ਹਨ, ਪਰ ਮਨੁੱਖ ਆਪਣੀ ਕੀਤੀ ਦਾ ਆਪ ਜ਼ਿਮੇਵਾਰ ਹੈ। ਉਸ ਦਾ ਚੰਗਾ ਮੰਦਾ ਕੀਤਾ ਕਰਮ ਹੀ ਉਸ ਦੇ ਜੀਵਨ ਤੇ ਅਸਰ ਪਾਂਦਾ ਹੈ ਤੇ ਇਸੇ ਨਾਲ

www.AKJ.Org

ਉਸ ਦੇ ਆਚਰਣ, ਸ਼ਖਸੀਅਤ ਤੇ ਵਿਕਾਸ ਦਾ ਸੰਬੰਧ ਹੈ। ਆਪਣੇ ਕੀਤੇ ਕਰਮਾਂ ਤੋਂ ਛੁਟਕਾਰਾ ਕੇਵਲ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਹੋ ਸਕਦਾ ਹੈ ਤੇ ਉਸ ਦੀ ਕਿਰਪਾ ਦਾ ਸੰਬੰਧ ਸਾਡੀ ਜੋਦੜੀ-ਬੇਨਤੀ ਨਾਲ ਹੈ। ਇਸ ਵਿਚਾਰ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ—

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ...
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡ ਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥੯॥ (ਬਾਰਹਮਾਹ ਮਾਝ ਮ:੫—੧੩੫)

ਬੁਰੇ ਜਾਂ ਭਲੇ ਕਰਮ ਮਨੁਖ ਆਪ ਕਰਦਾ ਹੈ ਤੇ ਇਸੇ ਅਨੁਸਾਰ ਉਸ ਦੀ ਕਿਸਮਤ ਬਣਦੀ ਹੈ। ਸਾਡਾ ਵਰਤਮਾਨ ਸਾਡੇ ਭੂਤ ਨਾਲ, ਸਾਡੇ ਕਰਮਾਂ (*actions*) ਕਰਕੇ ਜੁੜਿਆ ਹੁੰਦਾ ਹੈ। ਭੂਤ ਦੇ ਬੰਧਨ ਪ੍ਰਭੂ-ਚਰਨਾਂ ਵਿੱਚ ਅਰਦਾਸ ਕੀਤਿਆਂ, ਕੀਤੇ ਔਗਣਾਂ ਦੇ ਪਛਤਾਵਾ ਕਰਨ ਅਤੇ ਸਭ ਤੋਂ ਉਪਰ ਸਤਿ ਪੁਰਸ਼ਾਂ ਦੀ ਸੰਗਤ ਨਾਲ ਮਿਲ ਕੇ ਨਾਮ-ਸਿਮਰਨ ਕਰਨ ਨਾਲ ਟੁੱਟ ਜਾਂਦੇ ਹਨ। ਗੁਰੂ ਸਾਹਿਬ ਨੇ ਸੋਰਠਿ ਰਾਗ ਵਿੱਚ ਫ਼ੁਰਮਾਇਆ ਹੈ—

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥(ਪੰਨਾ ੬੧੨)

ਇਕ ਹੋਰ ਥਾਂ ਤੇ ਕਥਨ ਹੈ—

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥੧੯॥ (ਪੰਨਾ ੬੧੪)

ਮੁਢਲੇ ਕਰਮ ਤਾਂ ਵਾਹਿਗੁਰੂ ਦੀ ਆਗਿਆ ਅਨੁਸਾਰ ਹੀ ਬਣੇ ਹਨ, ਉਹ ਹੀ ਆਗਿਆ ਉਹਨਾਂ ਕਰਮਾਂ ਦਾ ਨਾਸ਼ ਵੀ ਕਰ ਸਕਦੀ ਹੈ, ਜੇ ਸਤਿਗੁਰੂ ਦੀ ਅਪਾਰ ਕਿਰਪਾ ਹੋ ਜਾਵੇ। ਹਉਮੈ ਕਾਰਨ ਪੂਰਬਲੇ ਕਰਮਾਂ ਤੋਂ ਮਨੁੱਖ ਦੁਖੀ ਹੁੰਦਾ ਹੈ। ਜੇ ਉਹ ਹਉਮੈ ਦਾ ਤਿਆਗ ਕਰ ਕੇ, ਸਤਿਗੁਰੂ ਦੀ ਸ਼ਰਨ ਲੈ ਲਵੇ ਤਾਂ ਪੂਰਬਲੇ ਕਰਮਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਦੋਂ ਵਡੇ ਭਾਗਾਂ ਕਰਕੇ ਪ੍ਰਭੂ ਮਿਲਾਪ ਹੋ ਜਾਵੇ ਤਾਂ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ—

ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥ (ਪੰਨਾ ੧੩੫)

ਸੱਚੇ ਦਿਲੋਂ ਕੀਤਾ ਪ੍ਰਾਸ਼ਚਿਤ ਤੇ ਅਗੋਂ ਕੀਤੇ ਨੇਕ ਕੰਮ ਪਿਛਲੇ ਪਾਪਾਂ ਉਤੇ ਭਾਰੂ ਹੋ ਜਾਂਦੇ ਹਨ। ਕਰਮ ਫ਼ਿਲਾਸਫ਼ੀ ਨਾਲ ਕਿਰਪਾ-ਸਿਧਾਂਤ ਵੀ ਜੁੜਿਆ ਹੋਇਆ ਹੈ। ਗੁਰੂ ਸਾਹਿਬ ਨੇ ਗ੍ਰਿਹਸਤ ਜੀਵਨ ਤਿਆਗ ਬਾਰੇ ਫ਼ੁਰਮਾਇਆ ਹੈ ਕਿ ਜੋ ਲੋਕ ਗੇਰੂਏ ਕਪੜੇ ਪਾ ਕੇ ਘਰੋਂ ਨਿਕਲ ਜਾਂਦੇ ਹਨ, ਧੂਣੀਆਂ ਤਪਦੇ ਹਨ, ਘਰ ਘਰ ਜਾ ਕੇ ਮੰਗਦੇ ਫਿਰਦੇ ਹਨ, ਆਪਣੀ ਇਸਤ੍ਰੀ ਤਿਆਗ ਕੇ ਪਰ-ਇਸਤ੍ਰੀ ਵਲ ਝਾਕਦੇ ਫਿਰਦੇ ਹਨ, ਮੋਨ ਧਾਰ ਲੈਂਦੇ ਹਨ, ਅੰਨ-ਪਾਣੀ ਛੱਡ ਬੈਠਦੇ ਹਨ, ਹੰਕਾਰ ਦੇ ਮਾਰੇ ਹੋਏ ਵਾਹਿਗੁਰੂ ਦੀ ਰਜ਼ਾ ਨੂੰ ਨਹੀਂ ਸਮਝਦੇ, ਐਸੇ ਪੁਰਖ ਕਦੇ ਵੀ ਵਾਹਿਗੁਰੂ ਨੂੰ ਪ੍ਰਸੰਨ ਨਹੀਂ ਕਰ ਸਕਦੇ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਤਿਆਗ ਦਾ ਸਿਧਾਂਤ ਭਾਂਜ ਵਾਲਾ ਤੇ ਗੈਰ ਯਥਾਰਥਕ ਹੈ। ਧਰਮ ਜੀਵਨ ਤੋਂ ਨੱਠਣਾ ਨਹੀਂ ਸਿਖਾਂਦਾ, ਧਰਮ ਤਾਂ ਸੰਘਰਸ਼-ਮਈ ਜੀਵਨ ਦਾ ਨਾਮ ਹੈ। ਇਸ ਲਈ ਜੀਵਨ ਨਾਲ ਸੰਬੰਧਤ ਸਭ ਸਿਧਾਂਤ ਇਸ ਸੰਦਰਭ ਵਿੱਚ ਵਾਚਣੇ ਚਾਹੀਦੇ ਹਨ। ਧਰਮ, ਗਿਆਨ, ਸਰਮ ਤੇ ਕਰਮ ਦੀਆਂ ਪੌੜੀਆਂ ਚੜ੍ਹ ਕੇ ਹੀ ਸਿਖਰ ਤੇ ਪੁਜਿਆ ਜਾ ਸਕਦਾ ਹੈ।

ਜੀਵਨ ਪਰਮਾਤਮਾ ਵਲੋਂ ਮਿਲਿਆ ਇੱਕ ਅਣਮੁੱਲਾ ਖਜ਼ਾਨਾ ਹੈ, ਇੱਕ ਢੋਆ ਹੈ, ਵਰਦਾਨ ਹੈ। ਗੁਰੂ ਸਾਹਿਬ ਇਸ ਸੰਸਾਰ ਨੂੰ "ਭੂਮਿ ਰੰਗਾਵਲੀ" ਮੰਨਦੇ ਹਨ ਤੇ "ਸੁਹਾਵੜੀ ਉਮਰ" ਤੇ "ਸੁਵੰਨੜੀ ਦੇਹ" ਦੀ ਪ੍ਰੇਰਨਾ ਦਿੰਦੇ ਹਨ। ਆਪ ਦਾ ਵਿਚਾਰ ਹੈ ਕਿ ਜੇ ਮਾਇਆ ਨੇ ਮਨੁਖ ਉਪਰ ਅਸਰ-ਅੰਦਾਜ਼ ਹੋਣਾ ਹੈ ਤਾਂ ਉਹ ਗ੍ਰਿਹਸਤੀ ਉਤੇ ਹੀ ਨਹੀਂ, ਉਦਾਸੀ ਉਤੇ ਵੀ ਹੋ ਸਕਦੀ ਹੈ। ਫੇਰ ਗ੍ਰਿਹਸਤ ਛੱਡ ਕੇ ਤਿਆਗੀ ਬਣਨ ਦੀ ਕੀ ਲੋੜ ਹੈ?

# ਕਿਰਤ-ਕਰਮ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚਿ ਜਜ਼ਾ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰੰ ਬਾਰ ਉਹੀ ਇਕੋ ਕਰਮ ਕਰਨ ਦੀ ਜੋ ਵਹਿਦਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਦਤ ਆਦਤ ਅਧੀਨ ਜੋ ਭੀ ਕਰਮ ਪ੍ਰਾਣੀ ਕਰਦਾ ਹੈ, ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ। ਮਿਟਦੇ ਨਹੀਂ। ਆਵਾਗਵਨ ਭੀ ਇਸ ਕਿਰਤ-ਕਰੰਮੀ ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮੱਥੇ ਲਿਖੀ ਜਾਂਦੀ ਹੈ, ਕਰਮ ਭੁਗਤਾਉਣ ਲਈ। ਯਥਾ ਗੁਰਵਾਕ–

ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥
ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮੁ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥੧੦॥

[ਸਿਰੀ ਰਾਗੁ ਮ: ੧, ਪੰਨਾ ੫੯

ਭਾਵ ਅਰਥ– ਬਾਰੰਬਰ ਦੂਜੇ ਭਾਵ ਦੇ ਕਰਮ ਕਮਾਵਣ ਕਰਿ ਜੋ ਬੰਦੇ ਦੀ ਕਿਰਤ ਬਿਰਤ ਹੋ ਜਾਂਦੀ ਹੈ, ਵਹਿਦਤ ਰੂਪ, ਉਹ ਮੱਥੇ ਤੇ ਲਿਖੀ ਜਾਂਦੀ ਹੈ। ਉਸੇ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਉਣ ਦੇ ਚੱਕਰ ਵਿਚ ਭਉਂਦਾ ਹੈ। ਕਿਰਤ ਪਈ ਅਨੁਸਾਰ ਭਵਾਈਦਾ ਹੈ, ਅਗਲੇ ਜਨਮ ਵਿਚਿ ਹੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲਿ ਕੋਈ ਬੇਇਨਸਾਫ਼ੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਓਹ ਕਰਮ ਰਜ਼ਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ, ਨਹੀਂ ਤਾਂ ਲੇਖ ਨਹੀਂ ਮਿਟਦਾ। "ਬਿਨੁ ਹਰਿ ਨਾਮੁ ਨ ਛੁਟੀਐ", ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ ਲੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ।

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚਿ ਇਕ ਪਰਜਾਪਤੀ ਰਾਜਾ ਆਇਆ, ਸਣੇ ਰਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ)। ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਅਪਣੇ ਇਸ ਆਸ਼ੇ ਅਭਿਪਰੇ ਨੂੰ ਗੁਪਤ ਹੀ ਰਖਿਆ। ਕਿਸੇ ਨੂੰ ਦਸਿਆ ਨਹੀਂ। ਨਾ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ। ਚੁਪ ਚੁਪੀਤਾ ਗੁਰੂ ਕੀਆਂ ਸੰਗਤਾਂ ਵਿਚਿ ਕੁਛ ਦਿਨ ਵਿਚਰਦਾ ਰਿਹਾ। ਗੁਰੂ ਦਰਬਾਰ ਵਿਚਿ ਆਵੇ ਤੇ ਚਲਿਆ ਜਾਵੇ। ਜਿਥੇ ਉਸਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੇ। ਅੰਮ੍ਰਿਤ ਵੇਲੇ ਗੁਰੂ ਕੀਆਂ ਸੰਗਤਾਂ ਦੇ ਨਾਲਿ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ। ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ 'ਓਅੰਕਾਰ' ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚਿ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ"* ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੇ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈਂ ਐਥੋਂ ਗੁਰੂ ਜੀ ਪਾਸ ਕਾਹਨੂੰ ਆਇਆ ਹਾਂ ? ਦਲੋ ਦਲੀਏ, ਐਥੋਂ ਕਲ੍ਹ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ-ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿੰ ਰਖੀ, ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ। ਪ੍ਰੰਤੂ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ ਜਾਣ ਦੀ ਨੀਯਤ ਠਾਣ ਬੈਠਾ ਹੈ। ਉਸੇ

*ਰਾਮਕਲੀ ਮ: ੧ ਦਖਣੀ ਓਅੰਕਾਰੁ, ॥੫੨॥,ਪੰਨਾ ੯੩੭


www.AKJ.Org

ਵੇਲੇ ਹੀ ਗੁਰੂ ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕਲ੍ਹ ਨੂੰ ਜਾਣਾ ਨਹੀਂ। ਕਲ੍ਹ ਆਪਾਂ ਇਕੱਠੇ ਬਾਹਰ ਜੰਗਲਾਂ ਵਿਚਿ ਅਸਵ (ਘੋੜ) ਅਸਵਾਰ ਹੋ ਕੇ ਸੈਰ ਲਈ ਚਲਾਂਗੇ । ਰਾਜੇ ਨੇ ਸਤਿ ਕਰ ਕੇ ਗੁਰੂ ਜੀ ਦੇ ਏਸ ਹੁਕਮ ਨੂੰ ਮੰਨ ਲਿਆ। ਏਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਿਆ ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰਿ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰਿ ਹੀ ਪਾਲਿਆ ਪੋਸਿਆ ਗਿਆ ਤੇ ਗੱਭਰੂ ਹੋ ਗਿਆ। ਗੱਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚਿ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰਿ ਸੰਤਾਨ ਭੀ ਘਣੀ ਉਤਪੰਨ ਹੋਈ। ਪੁਤਾਂ, ਪੋਤਰਿਆਂ, ਧੀਆਂ, ਦੋਹਤ੍ਰੇ ਦੋਹਤ੍ਰੀਆਂ ਵਾਲਾ ਹੋ ਗਿਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਭਏ ਤੋਂ ਉਹ ਮਰ ਮੁੱਕ ਭੀ ਗਇਆ। ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸਨੂੰ ਮਰਘਟ ਕਬਰਿਸਤਾਨ ਵਿਚਿ ਲਿਜਾ ਕੇ ਦਬਾਉਣ ਲਗੇ ਤਾਂ ਉਸ ਦੀ (ਰਾਜੇ ਦੀ) ਜਾਗ ਖੁਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ, ਪਰਤੱਖ ਜੀਵਨ ਜਨਮ ਦਾ ਹੱਡ-ਬੀਤਿਆ ਚਮਤਕਾਰਾ ਸੀ। ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜਿ ਮੁੜਿ ਸੁਪਨੇ ਵਿਚਿ ਸਹੇੜੀਆਂ ਸਪੁਤ੍ਰ ਸਪੁਤ੍ਰੀਆਂ ਦੀ ਮੋਹ-ਮਮਤਾ ਉਸ ਨੂੰ ਟੁੰਬੇ। ਨਿਮੋਝੂਣਾ ਹੋਇਆ ਨੀਵੀਂ ਪਾਇ ਕੇ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ।

ਏਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਅਵਾਜ਼ ਪੈ ਗਈ, ਚਲੋ, ਤਿਆਰ ਹੋ ਜਾਓ। ਅਸਵ ਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚਿ ਸੈਰ ਸਿਆਹਤ ਲਈ ਕਮਰਕਸੇ ਕਸ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰਿ ਅਣੋਖੀ ਅਖੇਰ ਬਿਰਤ ਲਈ ਲੈ ਗਏ। ਪਰ ਰਾਜਾ ਉਹੀ ਰਾਤ ਦੇ ਸੁਪਨੇ ਦੀਆਂ ਹੈਰਾਨ-ਕੁਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲਿ ਚਲਿਆ ਜਾ ਰਿਹਾ ਹੈ। ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ! ਔਹ ਦੇਖੋ ਇਕ ਹੀਰਾ ਹਰਨ ਚੌਂਕੜੀਆਂ ਭਰਦਾ ਚਲਿਆ ਆਉਂਦਾ ਹੈ। ਜੀਹਦੇ ਅਗੇ ਦੀ ਇਹ ਨਿਕਲੇਗਾ ਉਹੀ ਉਸਦਾ ਪਿਛਾ ਕਰੇਗਾ ਅਤੇ ਮੋਹਰੀ ਬਣ ਕੇ ਉਸ ਨੂੰ ਜੈ ਕਰੇਗਾ। ਦੂਜਾ ਕੋਈ ਉਸ ਦੇ ਨਾਲਿ ਪਿਛੇ ਜਾਵੇ ਯਾ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਦੀ ਹੀ ਨਿਕਲਿਆ। ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੈ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਛ ਵਿਥ ਤੇ ਪਿਛੇ ਰਹਿ ਗਏ। ਰਾਜੇ ਇਕੱਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿਤਾ। ਹਿਰਨ ਬੜੀ ਤੇਜ਼ੀ ਨਾਲ ਚਉਕੜੀਆਂ ਭਰਦਾ ਰਾਜੇ ਦੇ ਮੂਹਰੇ ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ। ਉਸ ਨੂੰ ਪਿਆਸ ਡਾਢੀ ਲੱਗੀ ਹੋਈ ਸੀ। ਪਾਣੀ ਦੀ ਤਲਾਸ਼ ਵਿਚ ਕਿਸੇ ਪਿੰਡ ਗ੍ਰਾਉਂ ਦੀ ਸੂੰਹ ਸੁੰਧਕ ਲੈਣ ਲੱਗਾ। ਇਕੱਲਾ ਹੀ ਸੀ, ਆਪਣੇ ਘੋੜੇ ਸਮੇਤ। ਹੋਰ ਕੋਈ ਉਸ ਦੇ ਨਾਲ ਨਹੀਂ ਸੀ। ਦੇਵਨੇਤ ਨਾਲ ਥੋੜੀ ਦੂਰ ਦੇ ਫ਼ਾਸਲੇ ਤੇ ਹੀ ਉਸ ਨੇ ਇਕ ਗ੍ਰਾਮ ਦੇਖਿਆ। ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰਵਾਰ ਜਮ੍ਹਾ ਹੋਏ ਵੇ ਹਨ। ਉਹ ਜਮਘਟੇ ਵਲ ਹੋ ਲਿਆ। ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ ਅਸਥਾਨ ਕਬਰਿਸਤਾਨ ਹੈ। ਉਸੇ ਪਿੰਡ ਦਾ ਹੈ, ਜਿਥੇ ਜਨਮ ਲੈ ਕੇ ਉਸ ਨੇ ਚੰਡਾਲ ਦੇ ਘਰਿ ਸਾਰਾ ਜੀਵਨ ਬਤੀਤ ਕੀਤਾ ਸੀ। ਓਹੀ ਪਿੰਡ ਦੇ ਲੋਗ ਹਨ। ਓਹੀ ਉਸਦਾ ਪਰਵਾਰ ਹੈ। ਪੁਤ ਪੋਤੇ ਇਸਤ੍ਰੀ ਆਦਿਕ ਭੀ ਉਹੀ ਹਨ। ਓਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ ਉਹ ਪਿਛਾਂਹ ਮੁੜਨ ਹੀ ਲੱਗਾ ਸੀ ਕਿ ਝੱਟ ਅਗੇ ਵਧ ਕੇ ਉਸ ਦੇ ਕੁਟੰਬੀਆਂ ਨੇ ਉਸ ਦੇ ਪੱਲੇ ਜਾ ਫੜੇ ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਕ ਲਿਆ। ਸਾਰੇ ਉਸ ਨੂੰ ਚਿੰਮੜ ਗਏ। ਮੋਹ ਦੀਆਂ ਲਿਲ੍ਹਕਾਂ ਮਾਰ ਕੇ ਚਿੰਮੜੇ। ਹੁਣ ਅਸੀਂ ਨਹੀਂ ਜਾਣ ਦਿੰਦੇ। ਰਾਜਾ ਹੈਰਾਨੀ ਪਰੇਸ਼ਾਨੀ ਦੇ ਸਮੁੰਦਰ ਵਿਚ ਅਤੇ ਲਜਾ ਵਿਚ ਤ੍ਰਿਬੁੜ ਹੋਇਆ ਸੋਚਣ ਲਗਾ। ਸਚਮੁੱਚ ਓਹੀ ਟੱਬਰ-ਟੀਹਰ ਹੈ, ਜਿਸ ਵਿਚ ਰਹਿ ਸਹਿ ਕੇ ਮੈਂ ਸਾਰਾ ਜਨਮ ਏਹਨਾਂ ਚੰਡਾਲਾਂ ਦੇ ਘਰ ਬਤੀਤ ਕੀਤਾ ਹੈ, ਇਸ ਵਿਚ ਕੋਈ ਭੀ


www.AKJ.Org

ਸੰਦੇਹ ਨਹੀਂ। ਸਾਰਿਆਂ ਨੂੰ ਮੈਂ ਜਾਣਦਾ ਹਾਂ। ਸਾਰੇ ਮੈਨੂੰ ਜਾਣਦੇ ਹਨ। ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ। ਛੁਡਾ ਭੀ ਨਹੀਂ ਹੁੰਦਾ। ਪਰ ਓਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ। ਜਿਉਂ ਜਿਉਂ ਲਾਡ ਪਿਆਰ ਨਾਲਿ ਉਸਦਾ ਬਾਲ ਬੱਚਾ ਉਸਨੂੰ ਚਿੰਮੜਦਾ ਹੈ ਤਿਉਂ ਤਿਉਂ ਉਹ ਬੇਬਸ ਹੋ ਜਾਂਦਾ ਹੈ। ਪਰ ਓਹਨਾਂ ਦੇ ਪਾਸ ਰਹਿਣ ਨੂੰ ਜੀਅ ਨਹੀਂ ਕਰਦਾ। ਫੇਰ ਆਪਣੇ ਆਪ ਨੂੰ ਇਉਂ ਹੱਲਾਸ਼ੇਰੀ ਦਿੰਦਾ ਹੈ, ਉਹ ਤਾਂ ਸੁਪਨਾ ਹੀ ਸੀ। ਮੈਂ ਕਾਹਨੂੰ ਪਰਤੱਖ ਜਨਮ ਏਹਨਾਂ ਦੇ ਘਰਿ ਲਿਆ ਹੈ। ਜ਼ਰਾ ਦਿਲ ਕਰਾਰਾ ਕਰ ਕੇ ਆਖਦਾ ਹੈ ਕਿ ਤੁਸੀਂ ਮੇਰੇ ਕੁਛ ਨਹੀਂ ਲਗਦੇ। ਤੁਸੀਂ ਮੈਨੂੰ ਕਿਉਂ ਚਿਮੜਦੇ ਹੋ ? ਓਹਨਾਂ ਆਖਿਆ, ਤੂੰ ਮਰ ਗਿਆ ਸੀ। ਅਸੀਂ ਰੋਂਦਿਆਂ ਕੁਰਲਾਂਦਿਆਂ ਨੇ ਤੈਨੂੰ ਦੱਬ ਦਿਤਾ। ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ ਤੇ ਘੋੜਾ ਪਾਖਰ ਜੀਨ ਕਿਤੋਂ ਲੈ ਆਇਆ ਹੈਂ ਤੇ ਸਾਨੂੰ ਪਿਦਾਉਂਦਾ ਤੇ ਭੁਚਲਾਉਂਦਾ ਹੈਂ। ਹੁਣ ਤੈਨੂੰ ਅਸੀਂ ਜਾਣ ਦਿੰਦੇ ਹਾਂ ? ਗੱਲ ਕੀ, ਪਰਸਪਰ ਤਕੜਾ ਤਕਰਾਰ ਹੋ ਪਿਆ। ਸਾਰਾ ਪਿੰਡ ਹੋਰ ਭੀ ਇਕੱਠਾ ਹੋ ਗਿਆ। ਸਾਰੇ ਹੀ ਇਹੋ ਸ਼ਾਹਦੀ ਭਰਨ ਕੁਟੰਬੀਆਂ ਦੇ ਹੱਕ ਵਿਚ। ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੀਮੀਆਂ ਨੂੰ ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤ੍ਰੀ ਭੀ ਉਸ ਨੂੰ ਜਾਨਣ ਪਛਾਨਣ। ਬੜਾ ਘਬਰਾਇਆ, ਬੜੀ ਅੜਿੱਚਣ ਵਿਚ ਉਸ ਦੀ ਜਾਨ ਪੈ ਗਈ। ਪੱਲਾ ਛੁਡਾਉਣਾ ਦੁੱਭਰ ਹੋ ਗਿਆ।

ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ ਅਤੇ ਮਨ ਹੀ ਮਨ ਵਿਚ ਬੇਨਤੀ ਕੀਤੀ, "ਹੇ ਸਤਿਗੁਰੂ ! ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ। ਬਹੁੜੋ ਤੇ ਫੰਦ ਪਰਾਣ ਮੋਕਲੇ ਕਰਾਓ। ਛਡਾਓ ਜੀ, ਆ ਕੇ ਛੁਡਾਓ।"

ਕਉਤਕਹਾਰ ਸਤਿਗੁਰੂ ਇਕ ਛਿਨ ਵਿਚਿ ਆਇ ਆਸ਼ਕਾਰ (ਪਰਗਟ) ਹੋਏ। ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕ੍ਰਾਏ। ਲੋਕਾਂ ਨੂੰ ਤੇ ਇਕੱਠੇ ਹੋਏ ਚੰਡਾਲ ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ। ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਚ ਵਿਸਥਾਰ ਸਹਿਤ ਦਸਿਆ। ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨੱਸਿਆ ਜਾਂਦਾ ਹੈ। ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਪਰ ਨਹੀਂ ਜਾਣ ਦੇਣਾ। ਤੁਸੀਂ ਅਵਤਾਰੀ ਮਹਾਂ ਪੁਰਸ਼ ਹੋ, ਸਾਡਾ ਨਿਆਉਂ ਨਿਬੇੜੋ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਕੋ ਗੱਲ ਨਿਆਉਂ ਨਿਬੇੜਨ ਦੀ ਹੈ। ਜੇ ਤੁਸਾਨੂੰ ਮੰਨਣੀ ਮਨਜ਼ੂਰ ਹੈ ਤਾਂ ਆਖਾਂ। ਭਲਾ ਜੀ ਭਲਾ ! ਸਤਿਗੁਰੂ ਫ਼ੁਰਮਾਉਣ ਲਗੇ ਕਿ ਤੁਸੀਂ ਆਪਣੀ ਕਬਰ ਪੁਟ ਕੇ ਦੇਖੋ, ਜੇ ਤਾਂ ਉਸ ਕਬਰ ਵਿਚ ਇਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸ਼ੰਗ ਫੜ ਲਵੋ। ਪਰ ਜੇ ਮੋਈ ਹੋਈ ਲੋਥ ਉਹੀ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛਡ ਦਿਓ। ਇਸ ਫੈਸਲੇ ਨੂੰ ਸੁਣ ਕੇ ਸਾਰੇ ਬਹੁਤ ਖੁਸ਼ ਹੋਏ। ਖੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ। ਕਬਰ ਪੁਟੀ ਤਾਂ ਕਬਰ ਵਿਚ ਸਾਮੀ ਹੀ ਉਸ ਦੀ ਲੋਥ ਪਈ ਸੀ। ਐਨ ਇਹੋ ਜਿਹੀ ਦੇਹੀ ਤੇ ਇਹੋ ਜਿਹੀ ਸੂਰਤ। ਪਰ ਫੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ। ਰਾਜੇ ਦਾ ਖਹਿੜਾ ਛੁਟਿਆ। ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ। ਰਾਹ ਵਿਚਿ ਜਾਂਦਿਆਂ ਰਾਜਾ ਸ਼ਰਮਾਇ ਕੇ ਪੁਛਦਾ ਹੈ, 'ਸਾਹਿਬ ਜੀਉ, ਇਹ ਕੀ ਕਉਤਕ ਸੀ ?' ਸਤਿਗੁਰੂ ਫ਼ੁਰਮਾਉਣ ਲਗੇ ਕਿ ਇਹ ਤੇਰੀ ਉਸ ਸ਼ੰਕਾ ਦਾ ਉਤਰ ਸੀ ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ। ਨਿਰਸੰਦੇਹ ਇਹ ਗੁਰਵਾਕ ਸੱਚ ਹੈ—

"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।" ਤੇਰੇ ਪੂਰਬਲੇ ਕਰਮਾਂ ਅਨੁਸਾਰ ਤੈਂ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ। ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਏਤਨੀ ਸਮਰੱਥਾ ਹੈ ਕਿ ਇਕ ਰਾਤ ਵਿਚਿ ਹੀ ਉਹ ਸਾਰਾ ਜਨਮ ਤੈਥੋਂ ਭੁਗਤਾਇ ਦਿਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ। ਸੂਲੀ ਦੀ ਸਜ਼ਾ ਵਾਲੀ ਅਉਲੀ ਸੂਲ ਵਿਚ ਟਾਲ ਦਿਤੀ।

["ਗੁਰਮਤਿ ਕਰਮ ਫ਼ਿਲਾਸਫ਼ੀ" ਪੁਸਤਕ ਵਿਚੋਂ


www.AKJ.Org

# ਸਿੱਖ ਕੌਮ ਦਾ ਵਿਕਾਸ (੩)

[ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਮੁਖੀ ਸਿਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ]

[ਲੜੀ ਜੋੜਨ ਲਈ ਵੇਖੋ 'ਸੂਰਾ' ਅਪ੍ਰੈਲ ੧੯੯੩]

ਪਰ ਭਾਈ ਗੁਰਦਾਸ ਜੀ ਤੋਂ ਪਿਛੋਂ ਕਰੀਬ ੧੦੦ ਸਾਲ ਤਕ ਇਹੋ ਜਿਹਾ ਉਚ ਪਾਏ ਦਾ ਵਿਆਖਿਆਕਾਰ ਨਹੀਂ ਹੋਇਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਨ ੧੬੦੬ ਅਤੇ ੧੬੩੬ ਤੋਂ ਬਾਅਦ, ਸਿੱਖ ਕੌਮ ਦਾ ਹੈਡਕੁਆਰਟਰ ਅੰਮ੍ਰਿਤਸਰ ਦੀ ਬਜਾਏ ਕੀਰਤਪੁਰ ਸਾਹਿਬ ਬਦਲ ਗਿਆ। ਬਾਬਾ ਪ੍ਰਿਥੀ ਚੰਦ ਭਾਵੇਂ ਆਪ ਸੰਸਾਰ ਛਡ ਚੁਕਾ ਸੀ, ਪਰ ਮਰਨ ਤੋਂ ਪਹਿਲਾਂ ਆਪਣੇ ਵੱਡੇ ਪੁੱਤਰ ਮਨੋਹਰ ਦਾਸ ਮਿਹਰਬਾਨ ਨੂੰ (੧੬੧੮ ਈ:) ਗੁਰੂ-ਗੱਦੀ ਦੇ ਗਏ, ਜੋ ਗੁਰੂ ਹਰਿਗੋਬਿੰਦ ਜੀ ਦੇ ਮੁਕਾਬਲੇ ਵਿਚ ਸਤਿਗੁਰਾਂ ਦੇ ਕੀਰਤਪੁਰ ਸਾਹਿਬ ਚਲੇ ਜਾਣ ਕਾਰਨ, ਹਰਿਮੰਦਰ ਸਾਹਿਬ ਵਿਚ ਗੱਦੀ ਲਾ ਬੈਠਾ। ਪਿਛੋਂ ਇਹਨਾਂ ਦੇ ਪੁੱਤਰ ਹਰਿ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਅੰਦਰ ਜਾਣ ਤਕ ਨਹੀਂ ਸੀ ਦਿੱਤਾ, ਕਿ ਮਤਾਂ ਹੈਡਕੁਆਰਟਰ ਤੇ ਕਬਜ਼ਾ ਹੀ ਨਾ ਹੋ ਜਾਏ।

ਇਉਂ ਸਿੱਖ ਕੌਮ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੇ ਮੀਣਿਆਂ ਦਾ ਪ੍ਰਭਾਵ ਵੱਧ ਗਿਆ। ਡਾ: ਤਾਰਨ ਸਿੰਘ ਜੀ ਲਿਖਤ ਪੁਸਤਕ "ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ" ਤੋਂ ਇਉਂ ਮਲੂਮ ਹੁੰਦਾ ਹੈ ਕਿ ਸਿੱਖ ਕੌਮ ਵਿਚ ਵਿਚਰ ਰਹੇ ਮੀਣਿਆਂ ਨੇ ਗੁਰ-ਇਤਿਹਾਸ ਸੰਬੰਧੀ ਮਨ-ਘੜਤ ਸਾਖੀਆਂ ਰਚੀਆਂ, ਬਾਣੀ ਦੀ ਵਿਆਖਿਆ ਕਰਨ ਲਈ ਮਨ-ਘੜਤ ਵਾਰਤਾਲਾਪ ਅਤੇ ਗੋਸ਼ਟੀਆਂ ਰਚੀਆਂ। ਇਸ ਪ੍ਰਣਾਲੀ ਨੂੰ "ਪ੍ਰਮਾਰਥ ਪ੍ਰਣਾਲੀ" ਆਖਿਆ ਜਾਂਦਾ ਹੈ। ਭਾਵੇਂ ਡਾ: ਤਾਰਨ ਸਿੰਘ ਜੀ ਨੇ ਪ੍ਰਮਾਰਥ ਪ੍ਰਣਾਲੀ ਨੂੰ ਦਿਆਨਤ-ਦਾਰੀ ਦੀ ਟੀਕਾਕਾਰੀ ਆਖਿਆ ਹੈ, ਪਰ ਜਦ ਗੁਰੂ ਅਰਜਨ ਦੇਵ ਜੀ ਨੇ ਸਹਸ ਸਿਆਣਪੀ ਤੇ ਮਨੋ-ਕਲਪਿਤ ਟੀਕਾਕਾਰੀ ਤੋਂ ਕੌਮ ਨੂੰ ਵਰਜਿਆ ਸੀ ਤਾਂ ਮੀਣਿਆਂ ਦੀ ਪ੍ਰਮਾਰਥੀ ਟੀਕਾਕਾਰੀ ਨੇ ਸਿੱਖ ਕੌਮ ਨੂੰ, ਬਾਣੀ ਦੇ ਅੰਮ੍ਰਿਤ-ਮਈ ਰਸ ਦਾ ਅਨੰਦ ਮਾਣਨ ਦੀ ਬਜਾਏ, ਬਾਣੀ ਦਾ ਬੋਧਿਕ ਮਦ ਪੀਣ ਲਗਾ ਦਿੱਤਾ। ਨਤੀਜੇ ਵਜੋਂ ਸਿੱਖ ਹੁਣ ਬਾਣੀ ਨੂੰ ਕੇਵਲ ਦਿਮਾਗੀ ਤੌਰ ਤੇ ਸਮਝਣ ਸਮਝਾਣ ਲਈ ਹੀ ਪੜ੍ਹਦਾ ਹੈ। ਬਾਣੀ ਉਸ ਲਈ ਹੁਣ ਉਹ ਰਸਦਾਇਕ ਅਮੋਲਕ ਵਸਤੂ ਨਹੀਂ ਰਹੀ ਜੋ ਨਿੱਤ ਅੰਮ੍ਰਿਤ ਵੇਲੇ ਉਠ ਕੇ ਬਾਣੀ ਦਾ ਅੰਮ੍ਰਿਤ-ਰਸ ਭੂੰਚਦਾ ਤੇ ਨਾਮ-ਰਸ ਨਾਲ ਸਰਸ਼ਾਰ ਹੁੰਦਾ ਸੀ।

**ਪ੍ਰਮਾਰਥ ਪ੍ਰਣਾਲੀ ਵਿਚੋਂ** :—ਉਦਾਰਹਣ ਵਜੋਂ ਗੁਰੂ ਨਾਨਕ ਸਾਹਿਬ ਦੇ ਵਿਆਹ ਦੇ ਮੌਕੇ ਜਦੋਂ ਵਟਾਲੇ ਨਗਰ ਬਰਾਤ ਢੁਕੀ ਤਾਂ ਮਿਹਰਬਾਨ ਨੇ ਉਥਾਨਕਾ ਵਜੋਂ ਗੁਰੂ ਬਾਬੇ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਪੜ੍ਹਾਇਆ ਦਸਿਆ ਹੈ ਕਿ ਬਾਬਾ ਜੀ ਨੇ ਸੂਹੀ ਰਾਗ ਵਿਚ ਇਹ ਸ਼ਬਦ ਪੜ੍ਹਿਆ—

(ੳ) ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ..੧॥ (ਸੂਹੀ ਮ: ੧, ਪੰਨਾ ੭੬੪)

ਅਤੇ ਸ਼ਾਇਦ ਇਸੇ ਉਥਾਨਕਾ ਦੀ ਸੇਧ ਵਿਚ ਹੁਣ ਭੀ ਇਹੋ ਸ਼ਬਦ ਜੰਞ ਦੇ ਸੁਆਗਤ ਸਮੇਂ ਪੜ੍ਹਿਆ ਜਾਂਦਾ ਹੈ, ਭਾਵੇਂ ਜਾਂਞੀ ਸ਼ਰਾਬੀ ਹੋਏ ਹੋਣ ਤੇ ਪੜ੍ਹਨ ਸੁਣਨ ਵਾਲੇ ਸ਼ਰਮਸਾਰ ਹੋ ਰਹੇ ਹੋਣ।

(ਅ) ਗੋਸ਼ਟਿ ਗੁਰੂ ਬਾਬੇ ਕੀ (ਮਾਤਾ ਪਿਤਾ ਨਾਲ) ਵਿਚੋਂ—

......ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥
ਨਾਨਕ, ਵੇਖੈ ਨਦਰਿ ਕਰਿ ਚੜੈ ਚਵਗਣ ਵੰਨ ॥੪॥੨॥ (ਸੋਰਠਿ ਮ: ੧, ੫੯੬)
(ਜਨਮ ਸਾਖੀ, ਪੰਨਾ ੭੦)

ਇਸਦੀ ਵਿਆਖਿਆ ਵਿਚ ਉਥਾਨਕਾ ਦਾ ਆਧਾਰ ਕੀ ਹੈ ? ਮਾਤਾ ਪਿਤਾ ਨਾਲ ਹੋਈ ਗੱਲ ਦਾ ਇਸ


www.AKJ.Org

ਸ਼ਬਦ ਨਾਲ ਕੋਈ ਸੰਬੰਧ ਨਹੀਂ ਹੈ।

ਇਉਂ ਮਨ-ਘੜਤ ਗੱਲਾਂ ਨਾਲ ਬਾਣੀ ਦੇ ਲਫ਼ਜ਼ੀ ਅਰਥ ਕਰ ਕਰ ਕੇ ਨਾਮ ਦੀ ਮਹਿਮਾ, ਜਾਂ ਸੰਗਤ ਦੀ ਮਹਿਮਾ, ਜਿਵੇਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦੀ ਹੈ, ਇਹਨਾਂ ਪ੍ਰਮਾਰਥੀ ਵਿਆਖਿਆਕਾਰਾਂ ਵਿਚ ਨਹੀਂ ਲਭਦੀ। ਹਰ ਪ੍ਰਮਾਰਥੀ ਵਿਆਖਿਆ ਦੇ ਅੰਤ ਉਤੇ ਲਿਖਿਆ ਮਿਲਦਾ ਹੈ "ਬੋਲਹੁ ਭਾਈ ਸਗਲੇ, ਰਾਮ, ਕ੍ਰਿਸ਼ਨ, ਵਾਹਿਗੁਰੂ। ਇਹ ਇਕ ਅਸੰਪਰਦਾਈ (*secular*) ਜਿਹਾ ਆਵਾਜ਼ਾ ਹੁੰਦਾ ਸੀ।

ਸੋਢੀ ਮਿਹਰਬਾਨ, ਹਰਿ ਜੀ, ਜਾਂ ਚਤੁਰਭੁਜ ਵਲੋਂ ਕੀਤੀਆਂ ਗਈਆਂ ਵਿਆਖਿਆਂ ਭਾਵੇਂ ਕਿਤਨੀਆਂ ਭੀ ਇਮਾਨਦਾਰੀ ਵਾਲੀਆਂ ਕਿਉਂ ਨ ਹੋਣ, ਪਰ ਉਹਨਾਂ ਦੀ ਵਿਆਖਿਆ ਵਿਚ ਭਾਈ ਗੁਰਦਾਸ ਵਰਗੀ ਸੁਹਾਗਣ ਦੀ ਖੁਸ਼ਬੂ ਕਿਥੇ ? ਮਿਹਰਬਾਨ ਵਰਗੇ ਪ੍ਰਮਾਰਥੀ ਵਿਆਖਿਆਕਾਰ ਗੁਰੂ ਘਰ ਦੇ ਧ੍ਰੋਹੀ ਸਨ, ਵਿਰੋਧੀ ਸਨ। ਸਿਦਕ-ਭਾਵਨਾ ਉਹਨਾਂ ਦੀ ਵਿਆਖਿਆ ਵਿਚ ਕਿਵੇਂ ਆ ਸਕਦੀ ਹੈ ?

ਮੀਣਿਆਂ ਦੀ ਟੀਕਾਕਾਰੀ ਦਾ ਸਮਾਂ ਲਗ ਪਗ ੧੬੧੮ ਤੋਂ ਅਰੰਭ ਹੁੰਦਾ ਹੈ ਤੇ ੧੬੯੬ ਵਿਚ ਸਮਾਪਤ ਹੋ ਜਾਂਦਾ ਹੈ। ਇਕ ਸੌ ਸਾਲ ਕੰਮ ਬੰਦ ਰਿਹਾ। ਫਿਰ ੧੮੦੦ ਈ: ਤੋਂ ਉਦਾਸੀ ਪ੍ਰਣਾਲੀ ਦੇ ਸਾਧੂ ਅਨੰਦਘਨ ਤੋਂ ਗੁਰਬਾਣੀ ਦੀ ਟੀਕਾਕਾਰੀ ਅਰੰਭ ਹੋ ਕੇ ੧੮੨੫ ਤਕ ਸੰਪੂਰਨ ਹੋ ਜਾਂਦੀ ਹੈ। ਉਹਨਾਂ ਦੀ ਟੀਕਾਕਾਰੀ ਵਿਚ ਕੁਝ ਵਿਸ਼ੇਸ਼ ਗੱਲਾਂ ਇਹ ਸਨ :-

੧. ਉਹਨਾਂ ਨੇ ਅਰਥ-ਸਿੱਧੀ ਲਈ ਇਧਰੋਂ ਉਧਰੋਂ ਪ੍ਰਮਾਣ ਦੇਣੇ ਅਰੰਭੇ। ਪਹਿਲੀ ਵਾਰ ਉਪਨਿਸ਼ਦਾਂ, ਗੀਤਾ, ਸਾਸਤ੍ਰਾਂ ਦੇ ਸਿਧਾਂਤਾਂ ਨਾਲ ਬਾਣੀ ਦੇ ਸਿਧਾਂਤਾਂ ਦੀ ਤੁਲਨਾ ਕੀਤੀ। ਖਿਚ ਖਿਚਾ ਕੇ ਦੇਵੀ ਪੂਜਾ ਦਾ ਸਿਧਾਂਤ ਗੁਰਮਤਿ ਦਾ ਸਿਧਾਂਤ ਭੀ ਕਹਿ ਦਿਤਾ।

੨. ਟੀਕਾ ਕਰਨ ਲਗਿਆਂ ਆਪ ਹੀ ਸ਼ੰਕੇ ਉਠਾ ਕੇ ਪ੍ਰਸ਼ਨ ਉਤਰ ਰਾਹੀਂ ਸਿਧਾਂਤ ਨੂੰ ਬੋਧਕ ਪੱਧਰ ਤੇ ਸਪੱਸ਼ਟ ਕਰਨ ਦਾ ਜਤਨ ਕਰਦੇ ਰਹੇ।

੩. ਪਹਿਲੀ ਵਾਰ ਗੁਰਬਾਣੀ ਦੀ ਟੀਕਾਕਾਰੀ ਵਿਚ ਬ੍ਰਾਹਮਣੀ ਮਤ ਦੇ ਤੱਤ ਵਧੇ ਅਤੇ ਗੁਰਬਾਣੀ ਨੂੰ ਵੇਦ ਅਨੁਸਾਰੀ ਸਿਧ ਕੀਤਾ ਗਿਆ। ਮੀਣਿਆਂ ਤੋਂ ਮਗਰੋਂ ਉਦਾਸੀਆਂ ਨੇ ਕੌਮ ਨੂੰ ਗੁਮਰਾਹ ਕੀਤਾ ਅਤੇ ਭੰਬਲਭੂਸੇ ਵਿਚ ਪਾਇਆ। (ਵਿਆਖਿਆ ਪ੍ਰਣਾਲੀਆਂ, ਪੰਨਾ ੧੦੦)

ਉਦਾਸੀ ਪ੍ਰਣਾਲੀ ਤੋਂ ਪਿਛੋਂ ਨਿਰਮਲਾ-ਪ੍ਰਣਾਲੀ ਨੇ ਗੁਰਬਾਣੀ ਦੀ ਵਿਆਖਿਆ ਦਾ ਕੰਮ ਹੱਥ ਵਿਚ ਲਿਆ। ਕਵੀ ਭਾ: ਸੰਤੋਖ ਸਿੰਘ ਇਸ ਪ੍ਰਣਾਲੀ ਦੇ ਪ੍ਰਮੁਖ ਟੀਕਾਕਾਰ ਹੋਏ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ। ਸੰਨ ੧੮੪੩ ਈ: ਤਕ ਆਪ ਦਾ ਇਹ ਕਾਰਜ ਪੂਰਾ ਹੋ ਚੁਕਾ ਸੀ। ਆਪ ਨੇ ਭੀ ਗੁਰ ਇਤਿਹਾਸ ਵਿਚ ਅਨੇਕਾਂ ਹਿੰਦੂ ਮਤ ਅਨੁਸਾਰੀ ਗੱਲਾਂ ਪਾ ਕੇ ਕੌਮ ਨੂੰ ਗੁਮਰਾਹ ਕਰਨ ਵਿਚ ਕੋਈ ਕਸਰ ਨਹੀਂ ਛਡੀ। ਭਾਈ ਸੰਤੋਖ ਸਿੰਘ ਜੀ ਨੇ ਆਪਣੀ ਟੀਕਾਕਾਰੀ ਵਿਚ ਇਹ ਪ੍ਰਚਾਰਿਆ ਕਿ ਗੁਰੂ ਨਾਨਕ ਸਾਹਿਬ ਭੀ ਵੇਦਾਂ ਦੇ ਅਨੁਸਾਰੀ ਸੀ। ਹਾਲਾਂ ਕਿ ਬਾਣੀ ਇਹ ਸਪੱਸ਼ਟ ਕਹਿੰਦੀ ਹੈ–

ਬੇਦ ਕਤੇਬ ਸੰਸਾਰ ਹਭਾਹੂ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥

(ਆਸਾ ਮ: ੫, ਪੰਨਾ ੩੯੭)

ਉਹਨਾਂ ਦਾ ਵਿਚਾਰ ਸੀ ਕਿ ਗੁਰਬਾਣੀ ਦੀ ਵਿਆਖਿਆ ਵੇਦ-ਸਾਹਿਤ ਦੀ, ਹੋ ਚੁਕੀ ਵਿਆਖਿਆ ਦੇ ਆਧਾਰ ਤੇ ਹੀ ਹੋ ਸਕਦੀ ਹੈ, ਐਵੇਂ ਨਹੀਂ। (ਵੇਖੋ ਵਿਆਖਿਆ ਪ੍ਰਣਾਲੀਆਂ, ਪੰਨਾ ੧੩੧)

ਪੰਡਿਤ ਤਾਰਾ ਸਿੰਘ ਨਰੋਤਮ, ਭਾ: ਦਲ ਸਿੰਘ ਗਿਆਨੀ, ਸੰਤ ਦੇਵਾ ਸਿੰਘ, ਗਿਆਨੀ ਗਿਆਨ ਸਿੰਘ, ਪੰਡਿਤ ਗੁਲਾਬ ਸਿੰਘ, ਸਾਧੂ ਗੁਰਦਿੱਤ ਸਿੰਘ, ਸੰਤ ਸੰਪੂਰਣ ਸਿੰਘ ਅਤੇ ਸੰਤ ਨਿਰੰਕਾਰ ਸਿੰਘ (ਸੰਨ ੧੯੩੯ ਈ:) ਲਗ ਪਗ ਡੇਢ ਸੌ ਸਾਲ ਦੇ ਸਮੇਂ ਤਕ, ਅਤੇ ਜੇ ਇਸਨੂੰ ਅਤਿਕਥਨੀ ਨਾ ਕਿਹਾ ਜਾਏ ਤਾਂ ਹੁਣ ਤਕ ਉਦਾਸੀਆਂ ਅਤੇ ਨਿਰਮਲਿਆਂ ਨੇ ਵਿਆਖਿਆ ਕਰਦਿਆਂ ਸਿੱਖ ਕੌਮ ਨੂੰ ਤਕੜੇ ਭੰਬਲ-ਭੂਸੇ ਵਿਚ ਪਾਈ ਰਖਿਆ ਹੈ। ਗੁਰਬਾਣੀ

ਨੂੰ ਵੇਦਾਂ ਸ਼ਾਸਤਰਾਂ ਨਾਲ ਮੇਲ ਕੇ ਗੁਰਬਾਣੀ ਦੀ ਕਦਰ-ਕੀਮਤ ਨੂੰ ਸਗੋਂ ਘਟਾਇਆ ਹੈ। ਉਹੀ ਨਿਰਮਲੇ ਜਿਹੜੇ ਆਪਣੇ ਆਪ ਨੂੰ ਗੁਰੂ ਹੁਕਮ ਅਨੁਸਾਰ ਵੇਦਾਂ ਸ਼ਾਸਤਰਾਂ ਦਾ ਗਿਆਨ ਲੈਣ ਬਨਾਰਸ ਗਏ ਦਸਦੇ ਹਨ, ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ-ਗੁਰੂ ਨਹੀਂ ਮੰਨਦੇ। ਆਪ ਭੀ ਭਟਕੇ ਅਤੇ ਕੌਮ ਨੂੰ ਭੀ ਭਟਕਾਇਆ। ਇਉਂ ਸਿੱਖ ਕੌਮ ਬਾਣੀ ਦੇ ਸਹਜ-ਰਸ ਵਿਚੋਂ ਉਖੜ ਕੇ ਬੋਧਕ (ਜਿਮਨਾਸਟਿਕ) ਤਰਕਾਂ ਵਿਚ ਪੈ ਗਈ।

ਅੱਜ 'ਸਚੁ ਕਿਨਾਰੇ ਰਹਿ ਗਇਆ' ਵਾਲੀ ਗੱਲ ਬਣ ਗਈ ਹੈ। ਅੱਜ ਦਾ ਸਿੱਖ ਵਿਦਵਾਨ ਗੁਰਬਾਣੀ ਦੇ ਅਰਥ ਕਰਨ ਲਗਿਆਂ ਆਪਣੀ ਕਲਪਣਾ-ਉਡਾਰੀ ਰਾਹੀਂ ਕਈ ਪ੍ਰਕਾਰ ਦੇ ਅਰਥ ਘੜਨ ਲਗ ਪਿਆ ਹੈ।

ਕੌਮ ਬਾਲਪਨ ਦੀ ਮਾਸੂਮੀਅਤ ਤੋਂ ਨਿਕਲ ਕੇ ਵਿਦਵਾਨ ਬਣਦੀ ਤੁਰੀ ਜਾ ਰਹੀ ਹੈ। ਪਹਿਲਾਂ ਇਸ ਕੌਮ ਨੂੰ ਮੀਣਿਆਂ ਨੇ ਅਰਥ ਸਮਝਾਏ, ਫਿਰ ਉਦਾਸੀਆਂ ਅਤੇ ਨਿਰਮਲਿਆਂ ਨੇ, ਜੋ ਮੂਲੋਂ ਹੀ ਗੁਰੂ ਨਾਨਕ ਸਾਹਿਬ ਦੇ ਮਾਰਗ ਤੋਂ ਖੁੰਜੇ ਹੋਏ ਸਨ, ਗਲਤ ਅਰਥ ਜਚਾਏ। ਇਕ ਕਿਸਮ ਦਾ (*confussion*) ਰੋਲਾ-ਰਪਾ ਜਿਹਾ ਪੈਦਾ ਕੀਤਾ, ਜਿਸ ਨਾਲ ਅਸੀਂ ਸਹੀ ਸੇਧ ਤੋਂ ਖੁੰਜ ਗਏ ਹਾਂ।

ਫਿਰ ਸੰਪ੍ਰਦਾਈ ਗਿਆਨੀਆਂ ਨੇ ਟੀਕਾਕਾਰੀ ਅਤੇ ਵਿਆਖਿਆਕਾਰੀ ਦਾ ਕਾਰਜ ਅਰੰਭਿਆ, ਤਾਂਕਿ ਕੌਮ ਨੂੰ ਗੁਰਬਾਣੀ ਚੰਗੀ ਤਰ੍ਹਾਂ ਸਮਝਾਈ ਜਾ ਸਕੇ। ਭਾਈ ਮਨੀ ਸਿੰਘ ਜੀ ਸ਼ਹੀਦ ਤੋਂ ਇਹ ਸੰਪ੍ਰਦਾ ਅਰੰਭ ਹੁੰਦੀ ਦਸੀ ਜਾਂਦੀ ਹੈ। ਆਪ ਜੀ ਦੇ ਜਪੁਜੀ ਦੇ ਟੀਕੇ ਬਾਰੇ ਪੂਰੀ ਤਸੱਲੀ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹਨਾਂ ਦਾ ਆਪਣਾ ਲਿਖਿਆ ਹੋਇਆ ਸੀ, ਫਿਰ ਭੀ ਇਸ ਟੀਕੇ ਵਿਚ ਕਾਫੀ ਕੁਝ ਗੁਰਮਤਿ ਦੇ ਮੂਲ ਸਿਧਾਂਤਾਂ ਨਾਲ ਮੇਲ ਖਾਂਦਾ ਹੈ। ਪਰ ਉਨੀਵੀਂ ਅਤੇ ਵੀਹਵੀਂ ਸਦੀ ਦੇ ਗਿਆਨੀਆਂ ਨੇ ਤਾਂ ਗੁਰਬਾਣੀ ਦੀ ਵਿਆਖਿਆ ਨੂੰ ਕਾਫ਼ੀ ਰੋਲ ਘਚੋਲੇ ਵਿਚ ਪਾ ਦਿਤਾ। ਕਾਰਨ ਚਾਹੇ ਕੁਝ ਵੀ ਹੋਵੇ, ਉਹਨਾਂ ਇਕ ਇਕ ਤੁਕ ਦੇ ਕਈ ਕਈ ਅਰਥ ਕੀਤੇ। ਫਰੀਦਕੋਟੀ ਟੀਕਾ ਵੀ ਕਿਸੇ ਹੱਦ ਤਕ ਇਸ ਦੋਸ਼ ਤੋਂ ਮੁਕਤ ਨਹੀਂ; ਅਤੇ ਇਸ ਟੀਕੇ ਦੇ ਨਿਰਮਲੇ ਵਿਆਖਿਆ-ਕਾਰਾਂ ਦੇ ਬੋਰਡ ਨੇ ਤਾਂ ਵੇਦ ਸ਼ਾਸਤਰੀ ਪ੍ਰਭਾਵ ਵਾਲੇ ਅਰਥ ਕਰ ਕੇ ਗੁਰਮਤੀ ਕਦਰਾਂ ਕੀਮਤਾਂ ਨੂੰ ਘਟਾਇਆ ਹੈ।

ਸੰਤ ਅਮੀਰ ਸਿੰਘ ਜੀ ਛਤੋ ਵਾਲੀ ਗਲੀ ਅੰਮ੍ਰਿਤਸਰ ਤਾਂ ਇਕ ਇਕ ਤੁਕ ਦੇ ਕਈ ਕਈ ਅਰਥ ਵਿਚ ਬਹੁਤ ਪ੍ਰਬੀਨ ਸਨ। ਗਿਆਨੀ ਸੁੰਦਰ ਸਿੰਘ ਜੀ,ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ, ਸੰਤ ਕਰਤਾਰ ਸਿੰਘ ਜੀ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭੀ ਇਸੇ ਪ੍ਰਣਾਲੀ ਦੀ ਇਕ ਕੜੀ ਸਨ। ਇਹਨਾਂ ਗਿਆਨੀਆਂ ਨੇ ਗੁਰਬਾਣੀ ਦੇ ਲਗ ਮਾਤ੍ਰੀ ਚਿੰਨ੍ਹਾਂ ਵਲ ਉੱਕਾ ਹੀ ਧਿਆਨ ਨਹੀਂ ਦਿੱਤਾ। ਇਸ ਲਈ ਉਥਾਨਕਾਵਾਂ, ਪ੍ਰਚਲਤ ਸਾਖੀਆਂ ਅਤੇ ਕਈ ਮਨਘੜਤ ਇਧਰ ਉਧਰ ਦੀਆਂ ਬਾਤਾਂ ਭੀ ਵਿਆਖਿਆ ਵਿਚ ਪਾ ਦਿੰਦੇ ਸਨ। ਵੀਹਵੀਂ ਸਦੀ ਦਾ ਪਛਮੀ ਸਿਖਿਆ ਤੋਂ ਪ੍ਰਭਾਵਤ ਹੋਇਆ ਸਿੱਖ ਇਹਨਾਂ ਗਿਆਨੀਆਂ ਦੀਆਂ ਗੱਲਾਂ ਤੇ ਕੇਵਲ ਹਸ ਛਡਦਾ ਸੀ, ਭਾਵੇਂ ਪੇਂਡੂ ਲੁਕਾਈ ਨੇ ਇਹਨਾਂ ਗਿਆਨੀਆਂ ਦੀਆਂ ਮਨਘੜਤ ਸਾਖੀਆਂ ਤੇ ਵਿਆਖਿਆ ਸੁਣ ਕੇ ਜ਼ਰੂਰ ਸਿਰ ਝੁਕਾਇਆ ਹੋਵੇਗਾ ਅਤੇ ਕਈ ਭੁਲੜ ਲੋਕਾਂ ਨੇ ਐਬਾਂ ਤੇ ਬੁਰਿਆਈਆਂ ਤੋਂ ਛੁਟਕਾਰਾ ਵੀ ਪਾਇਆ ਹੋਵੇਗਾ।

ਸਿੰਘ ਸਭਾ ਲਹਿਰ ਦੇ ਵਿਦਵਾਨਾਂ ਨੇ ਵੀਹਵੀਂ ਸਦੀ ਵਿਚ (ਪ੍ਰੋ: ਤੇਜਾ ਸਿੰਘ ਅਤੇ ਪ੍ਰੋ: ਸਾਹਿਬ ਸਿੰਘ) ਕੌਮ ਦਾ ਗੁਰਬਾਣੀ ਵਿਚ ਵਰਤੇ ਲਗ-ਮਾਤ੍ਰੀ ਚਿੰਨ੍ਹਾਂ ਦੇ ਅਧਾਰ ਤੇ ਗੁਰਬਾਣੀ ਵਿਆਕਰਣ ਵਲ ਧਿਆਨ ਦਿਵਾਇਆ। ਭਾਈ ਸਾਹਿਬ ਵੀਰ ਸਿੰਘ ਜੀ ਦੀ ਵਿਆਖਿਆ ਵਿਚੋਂ ਕੌਮ ਨੂੰ ਮੁੜ ਕੇ ਬਾਣੀ ਦੇ ਰਸ ਦੀ ਖੁਸ਼ਬੂ ਆਈ, ਪਰ ਉਹ ਆਪਣਾ ਕੰਮ ਅੱਧਵਾਟੇ ਹੀ ਛੱਡ ਕੇ ਅਕਾਲਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਡਾ: ਤਾਰਨ ਸਿੰਘ ਜੀ ਭਾਈ ਵੀਰ ਸਿੰਘ ਜੀ ਬਾਰੇ ਲਿਖਦੇ ਹਨ :—

"ਗੁਰੂ ਨਾਨਕ ਦੇਵ ਦੇ ਮਨ ਦਾ ਮੁਤਾਲਿਆ, ਉਹਨਾਂ ਲਈ ਕਿਸੇ ਸੰਸਾਰੀ ਵਿਦਿਆ ਦੇ ਤਰੀਕੇ ਦਾ ਅਧਿਐਨ ਨਹੀਂ ਸੀ। ……. ਇਹ ਹੈ ਰਿਸ਼ਤੇਦਾਰੀ ਦੀ ਸਿਞਾਣ, ਇਕ ਪੁੱਤਰ ਦਾ ਆਪਣੇ ਪਿਤਾ ਨੂੰ ਪਛਾਨਣਾ। ਕਿਸੇ ਵਿਦਿਆ ਜਾਂ ਗਿਆਨ ਦੁਆਰਾ ਨਹੀਂ, ਪ੍ਰੰਤੂ ਮਨ ਵਿਚ ਉਪਜ ਰਹੇ ਲਾਡ-ਵਲਵਲੇ ਦੇ ਤਰੰਗ ਜਾਗਣ ਨਾਲ (ਜੋ ਨਿਰੀ ਅੰਤਰਮੁਖੀ ਹੈ)।


www.AKJ.Org

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ .....੧॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥
ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥ (ਸਿਰੀਰਾਗੁ ਮ: ੫, ਪੰਨਾ ੫੧-੫੨)

"ਇਹ ਹੈ ਬਾਲਬੁਧ ਦੀ ਲਾਡ ਭਰੀ ਮਮਤਾ ਦਾ ਭੇਦ। ਉਹਨਾਂ ਦੀ ਲਗਨ ਅਤੇ ਸੰਥਿਆ ਉਸ ਲਾਡ ਉਪਰ ਆਧਾਰਤ ਹੈ ਜੋ ਪਿਤਾ ਦੀ ਸਿਞਾਣ ਵਿਚ ਸਫਲ ਹੋਈ।" (ਵਿਆਖਿਆ ਪ੍ਰਣਾਲੀਆਂ, ਪੰਨਾ ੨੯੬-੯੭)

ਪ੍ਰਿੰਸੀਪਲ ਤੇਜਾ ਸਿੰਘ (੧੮੯੪-੧੯੫੮) ਵੀਹਵੀਂ ਸ਼ਤਾਬਦੀ ਦੇ ਉਹ ਵਿਆਖਿਆਕਾਰ ਹੋਏ ਹਨ, ਜਿਨ੍ਹਾਂ ਨੇ ਗੁਰਬਾਣੀ ਨੂੰ ਬਹੁਤਾ ਸਾਹਿਤਕ ਪੱਖ ਤੋਂ ਘੋਖਿਆ। ਆਪ ਪਹਿਲਾਂ ਗੁਰਬਾਣੀ ਦਾ ਸਾਹਿਤਕ ਰਸ ਮਾਣਦੇ ਹਨ ਅਤੇ ਫਿਰ ਉਸਦੀ ਵਿਆਖਿਆ ਕਰਦੇ ਹਨ (ਡਾ: ਤਾਰਨ ਸਿੰਘ ਵਿ: ਪ੍ਰ:, ਪੰਨਾ ੩੨੭)। ਆਪ ਨੇ ਸਭ ਤੋਂ ਪਹਿਲਾਂ ਗੁਰਬਾਣੀ ਦੇ ਲਗਮਾਤਰੀ ਨਿਯਮ ਲਭੇ, ਜੋ ਅੱਜ ਭੀ ਸ਼ਬਦਾਰਥ ਵਿਚ ਅੰਕਤ ਹਨ। ਸ਼ਬਦਾਰਥ ਦੀਆਂ ਚਾਰ ਸੈਂਚੀਆਂ ਆਪ ਜੀ ਦਾ ਸਭ ਤੋਂ ਵੱਡਾ ਯੋਗਦਾਨ ਹਨ, ਔਖੇ ਸ਼ਬਦਾਂ ਦੇ ਢੁਕਵੇਂ ਅਰਥਾਂ ਨੇ ਬਾਣੀ ਦੇ ਸਮਝਣ ਵਿਚ ਕਾਫ਼ੀ ਸਹਾਇਤਾ ਕੀਤੀ।

ਇਸ ਲੇਖ ਦੇ ਮੁੱਢ ਵਿਚ ਹੀ ਸੰਕੇਤ ਕੀਤਾ ਗਿਆ ਸੀ ਕਿ ਵਿਦਵਾਨ ਜਦੋਂ ਵਿਆਖਿਆ ਵਿਚ ਪੈਂਦੇ ਹਨ, ਉਹਨਾਂ ਵਿਚ ਆਪੋ ਵਿਚ ਮਤ-ਭੇਦ ਹੋਣੇ ਲਾਜ਼ਮੀ ਹਨ। ਗੁਰਬਾਣੀ ਆਮ ਸਾਹਿਤਕ ਰਚਨਾ ਦੇ ਗੁਣਾਂ ਵਾਲੀ ਕਵਿਤਾ ਨਹੀਂ, ਇਹ ਤਾਂ ਧੁਰ ਕੀ ਬਾਣੀ ਹੈ, ਇਹ ਅਗਾਧ ਬੋਧ ਬਾਣੀ ਹੈ।

**ਗੁਰਬਾਣੀ ਦਾ ਬੋਧ ਨਾ ਤਾਂ ਨਿਰੋਲ ਸਾਹਿਤਕ ਪੱਖ ਤੋਂ ਠੀਕ ਹੋ ਸਕਿਆ ਹੈ ਅਤੇ ਨਾ ਹੀ ਨਿਰੋਲ ਵਿਆਕਰਣਕ ਪੱਖ ਤੋਂ, ਸਗੋਂ ਇਸ ਨੂੰ ਸਮਝਣ ਤੇ ਵਿਆਖਿਆ ਕਰਨ ਲਈ ਲਗ ਮਾਤ੍ਰੀ ਸੋਝੀ ਹੋਣ ਦੇ ਨਾਲ ਨਾਲ ਆਤਮਕ ਸੂਝ ਬੂਝ ਅਤੇ ਗੁਰਮਤਿ ਦਰਸਾਏ ਨਾਮ-ਸਿਮਰਨ ਵਾਲੇ ਨਿਰਮਲ ਤੇ ਨਿਰਮਾਣ ਜੀਵਨ ਦੀ ਵੀ ਲੋੜ ਹੈ।**

ਪ੍ਰੋ: ਸਾਹਿਬ ਸਿੰਘ ਦੀ ਇਹ ਧਾਰਨਾ ਬਣ ਗਈ ਸੀ ਕਿ ਭਗਤਾਂ ਦੀ ਬਾਣੀ ਸਾਹਮਣੇ ਰਖ ਕੇ ਗੁਰੂ ਨਾਨਕ ਦੇਵ ਜੀ ਨੇ ਕੁਝ ਬਾਣੀ ਰਚੀ। ਇਸ ਧਾਰਨਾ ਦਾ ਖੰਡਨ ਗਿਆਨੀ ਗੁਰਦਿੱਤ ਸਿੰਘ ਜੀ ਨੇ ਆਪਣੀ ਪੁਸਤਕ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ) ਵਿਚ ਕੀਤਾ ਹੈ ਤੇ ਸਿੱਧ ਕੀਤਾ ਹੈ ਕਿ ਬਹੁਤ ਸਾਰੇ ਭਗਤ ਗੁਰੂ ਨਾਨਕ ਦੇਵ ਜੀ ਦੁਆਰਾ ਨਿਹਾਲ ਕੀਤੇ ਗਏ। ਇਉਂ ਬਧਕ ਪਧਤ ਤੇ ਇਹੋ ਜਿਹੇ ਵਾਦ ਵਿਵਾਦ ਚਲਦੇ ਰਹਿਣਗੇ।

ਸਤਾਰ੍ਹਵੀਂ ਸਦੀ ਤੋਂ ਗੁਰਬਾਣੀ ਦੀ ਟੀਕਾਕਾਰੀ ਅਤੇ ਵਿਆਖਿਆਕਾਰੀ ਅਰੰਭ ਹੋਈ। ਇਹਨਾਂ ਲਗ ਪਗ ਸਾਢੇ ਚਾਰ ਸੌ ਸਾਲਾਂ ਵਿਚ ਸਿੱਖ ਕੌਮ ਅਗੇ ਨਾਲੋਂ ਧਾਰਮਕ ਤੌਰ ਤੇ ਕਿੰਨੀ ਕੁ ਵਿਕਸਿਤ ਹੋਈ ਹੈ, ਇਸ ਦਾ ਮੁਲੰਕਣ ਕਰਨਾ ਜ਼ਰੂਰੀ ਹੈ। ਪੱਛਮੀ ਵਿਦਿਆ ਨੇ ਮਨੁੱਖ ਨੂੰ ਬੜਾ (*analytic*) ਖੋਜੀ ਬਣਾ ਦਿਤੈ ਅਤੇ ਵਿਦਿਅਕ ਸਿਆਣਪ ਦੇ ਅਧਾਰ ਤੇ ਅੱਜ ਦਾ ਵਿਦਵਾਨ ਗੁਰਬਾਣੀ ਵਿਚੋਂ ਕਈ ਤੱਥ ਕੱਢਦਾ ਤੇ ਵਿਚਾਰਦਾ ਹੈ। ਪਰ ਗਰਬਾਣੀ ਦਾ ਸਾਰਾ ਜ਼ੋਰ (*synthesis*) ਲਿਵ ਜੋੜਨ ਉਤੇ ਹੈ। ਜੀਵ ਦਾ ਵਾਹਿਗੁਰੂ ਨਾਲ ਮਿਲਾਪ ਕਿੰਜ ਹੋਵੇ? ਗੁਰੂ ਨਾਲ ਮਿਲਾਪ ਕਿੰਜ ਹੋਵੇ? ਤਰੀਕਾ ਦਸਿਆ ਹੈ। ਹਿਰਦਾ ਸ਼ੁਧ ਕਰ ਲਉ, ਆਪਣੇ ਅੰਦਰੋਂ ਈਰਖਾ, ਨਿੰਦਾ ਚੁਗਲੀ ਅਤੇ ਦਵੇਤਾ ਦੇ ਭਾਵ ਕੱਢ ਦਿਉ। ਸਭ ਨੂੰ ਉਸ ਮਾਲਕ-ਪ੍ਰਭੂ ਦੁਆਰਾ ਰਚਿਆ ਜਾਣੋ। ਨਾਮ ਦਾ ਸਿਮਰਨ ਅਤੇ ਗੁਰਬਾਣੀ ਦਾ ਕੀਰਤਨ ਕਰਨ ਸੁਣਨ ਜਾਂ ਪੜ੍ਹਨ ਦੁਆਰਾ ਮਨ ਹੌਲੀ ਹੌਲੀ ਗੁਰੂ ਕਿਰਪਾ ਨਾਲ ਵਸ ਆ ਜਾਂਦਾ ਹੈ। ਪਛਮੀ ਵਿਦਿਆ ਨੇ ਸਿੱਖ ਨੂੰ ਧਾਰਮਕ ਨਾਲੋਂ ਸਿਆਸੀ ਜ਼ਿਆਦਾ ਬਣਾਇਆ ਹੈ। ਉਸਦੀ ਬਾਲਬੁਧ ਖ਼ਤਮ ਹੋ ਚੁਕੀ ਹੈ। ਹੁਣ ਉਹ ਸੰਸਾਰਕ ਤੌਰ ਤੇ ਸਿਆਣਾ ਅਤੇ ਚੇਤੰਨ ਹੈ, ਪਰ ਹੌਲੀ ਹੌਲੀ ਉਹ ਗੁਰੂ ਤੋਂ ਅਤੇ ਸੰਗਤੀ ਜੀਵਨ ਤੋਂ ਬੇਮੁਖ ਹੁੰਦਾ ਚਲਾ ਜਾ ਰਿਹਾ ਹੈ।

ਅੱਜ ਕੌਮ ਸਿੱਖ ਹੋਣ ਦਾ ਦਾਅਵਾ ਜ਼ਰੂਰ ਕਰਦੀ ਹੈ, ਹੋ ਰਹੇ ਵਿਤਕਰੇ ਤੋਂ ਭੀ ਔਖੀ ਹੁੰਦੀ ਹੈ, ਪਰ ਸੱਚ


www.AKJ.Org

ਤਾਂ ਇਹ ਹੈ ਕਿ ਉਸਦੀ ਰਹਿਤ ਰਹਿਣੀ ਸਿੱਖਾਂ ਵਾਲੀ ਨਹੀਂ ਰਹੀ। ਮਾਸ, ਸ਼ਰਾਬ, ਐਸ਼ ਇਸ਼ਰਤ ਅਤੇ ਹਿੰਸਾ ਉਸਦਾ ਬਾਹਰਲਾ ਸਰੂਪ ਬਣ ਚੁਕੇ ਹਨ। ਇਹ ਗੁਰਵਾਕ ਹੁਣ ਕੌਮ ਤੇ ਢੁਕਦਾ ਹੈ :—

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥੨॥੭॥

(ਸਿਰੀ ਰਾਗ ਕੀ ਵਾਰ, ਮ: ੧, ਪੰਨਾ ੮੫)

ਜਿਉਂ ਜਿਉਂ ਕੌਮ ਉਮਰ ਦੇ ਹਿਸਾਬ ਵੱਡੀ ਹੋਈ ਹੈ, ਜਵਾਨ ਹੋਈ ਹੈ, ਉਸਦਾ ਰੂਪ ਬਿਗੜੇ ਹੋਏ ਜਵਾਨ ਵਰਗਾ ਹੁੰਦਾ ਗਿਆ ਹੈ, ਜਿਸਨੂੰ ਭਗਤੀ ਦੀ ਕੋਈ ਚਾਹ ਨਹੀਂ, ਸੰਗਤੀ ਜੀਵਨ ਦੀ ਕੋਈ ਸੋਝੀ ਨਹੀਂ। ਕੌਮ ਲਿਵ ਦੇ ਰਾਹ ਤੋਂ ਖੁੰਝ ਕੇ ਧਾਤ ਦੇ ਰਾਹ ਪੈ ਗਈ ਲਗਦੀ ਹੈ :

ਲਿਵ ਛੁੜਕੀ ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ ॥

(ਰਾਮਕਲੀ ਮ: ੩, ਪੰਨਾ ੯੨੧)

ਜੋ ਚਿਤਾਵਨੀ ਕਿਸੇ ਸਮੇਂ ਸਤਿਗੁਰੂ ਨਾਨਕ ਦੇਵ ਜੀ ਨੇ ਤੁਲੰਬੇ ਦੇ ਸਜਣ ਠੱਗ ਨੂੰ ਦਿਤੀ ਸੀ ਉਹੋ ਚਿਤਾਵਨੀ ਅੱਜ ਸਾਡੇ ਵਿਚਾਰਨ ਜੋਗ ਹੈ। ਅੱਜ ਕੌਮ ਨੇ ਸਜਣ ਠੱਗ ਦਾ ਰੂਪ ਧਾਰਨ ਕੀਤਾ ਹੋਇਆ ਹੈ।

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ ॥੧॥...
ਅੰਧੁਲੈ ਭਾਰ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ, ਹਉ ਚੜਿ ਲੰਘਾ ਕਿਤੁ ॥੫॥
ਚਾਕਰੀਆ, ਚਗਿਆਈਆ, ਅਵਰ ਸਿਆਣਪ ਕਿਤੁ ॥
ਨਾਨਕ, ਨਾਮੁ ਸਮਾਲਿ ਤੂੰ, ਬਧਾ ਛੁਟਹਿ ਜਿਤੁ ॥੬॥੧॥੩॥ (ਸੂਹੀ ਮ: ੧, ਪੰਨਾ ੭੨੯)

ਹੁਣ ਸਿਆਣਪਾਂ ਅਤੇ ਸਿਆਸੀ ਸੂਝ ਬੂਝ ਨੇ ਕੰਮ ਨਹੀਂ ਆਉਣਾ। ਜੇ ਕੌਮ ਨੇ ਆਪਣਾ ਪਰਲੋਕ (ਅੱਗਾ) ਸੰਵਾਰਨਾ ਹੈ ਤਾਂ ਬਾਲਬੁਧ ਵਾਲੀ ਅਵਸਥਾ ਉਤੇ ਆਉਣਾ ਪਵੇਗਾ। ਚਤਰਾਈ ਨਾਲ ਵਾਹਿਗੁਰੂ ਜੀ ਨਹੀਂ ਮਿਲ ਸਕਦੇ। ਸਤਿਗੁਰੂ ਨਾਨਕ ਦੇਵ ਜੀ ਜੀਵ ਦੇ ਸਚਿਆਰ ਹੋਣ ਲਈ ਸੇਧ ਬਖ਼ਸ਼ਦੇ ਹਨ—

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥

ਕੂੜ ਦੀ ਕੰਧ ਤੋੜਨ ਅਤੇ ਸਚਿਆਰ ਪਦ ਨੂੰ ਪ੍ਰਾਪਤ ਕਰਨ ਲਈ ਸਹਸ ਸਿਆਣਪਾਂ ਛੱਡ ਕੇ, ਰਜਾਈ, ਰਜਾ ਦੇ ਮਾਲਕ ਪ੍ਰਭੂ ਦੇ ਹੁਕਮ ਵਿਚ ਚਲਣ ਦੀ ਲੋੜ ਹੈ, ਗੁਰਬਾਣੀ ਵਿਚ ਦਰਸਾਏ ਹੁਕਮਾਂ ਨੂੰ ਪਾਲਣ ਦੀ ਲੋੜ ਹੈ, ਸੱਚ-ਕਰਣੀ ਵਾਲਾ ਜੀਵਨ ਧਾਰਨ ਕਰਨ ਦੀ ਲੋੜ ਹੈ। ਚਤੁਰਾਈਆਂ ਭਰੀ ਕਥਨੀ ਬਦਨੀ ਕਰਨ ਨਾਲ ਕੁਝ ਨਹੀਂ ਬਣਨਾ।

---

## ਪਾਠਕ ਨੋਟ ਕਰਨ

੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਉ।
੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ। ਚਿੱਟ ਨੰਬਰ ਨੋਟ ਕਰੋ। ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।
੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।



www.AKJ.Org

# ਅੱਜ ਅਸੀਂ ਕੀ ਕਰ ਰਹੇ ਹਾਂ ?

ਕੀ ਸਾਨੂੰ ਉਹ ਵੇਲਾ ਯਾਦ ਹੈ ਜਦ ਸਾਰੀ ਸਿੱਖ ਕੌਮ ਦਾ ਰਹਿਣ-ਸਹਿਣ ਦਾ ਢੰਗ (ਮਰਯਾਦਾ) ਇਕ ਹੋਇਆ ਕਰਦਾ ਸੀ ? ਵਿਚਾਰ ਇਕ ਤਰ੍ਹਾਂ ਦੇ ਹੁੰਦੇ ਸਨ, ਨਿਸ਼ਾਨਾ ਵੀ ਇਕ ਹੁੰਦਾ ਸੀ। ਇਸ ਏਕਤਾ ਦਾ ਸਦਕਾ ਹੀ ਮੁੱਠੀ ਭਰ ਸਿੱਖ ਕੌਮ ਬਿਨਾਂ ਸਾਜ਼ੋ-ਸਮਾਨ, ਸੈਂਕੜੇ ਵਰ੍ਹਿਆਂ ਦੀ ਕਾਇਮ ਮੁਗਲ ਸਰਕਾਰ ਨਾਲ ਲੋਹਾ ਲੈਂਦੀ ਰਹੀ। ਉਹਨਾਂ ਦੇ ਜ਼ੁਲਮਾਂ ਵਿਰੁਧ ਹਮੇਸ਼ਾ ਝੰਡਾ ਚੁੱਕੀ ਰਖਿਆ ਅਤੇ ਉਨ੍ਹਾਂ ਨੂੰ ਭਾਜੜ ਪਾਈ ਹੀ ਰੱਖੀ। ਪਰ ਅੱਜ ਸਾਡੀ ਦਸ਼ਾ ਕੀ ਹੈ ?

ਅੱਜ ਸਾਡੀ ਸਿੱਖ ਰਹਿਣੀ-ਬਹਿਣੀ ਨੂੰ ਕਿਸ ਤਰ੍ਹਾਂ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ ? ਸਾਡੇ ਵਿਚ ਫੁੱਟ ਪਾਉਣ ਲਈ, ਸਾਡੇ ਆਗੂਆਂ ਨੂੰ ਖ਼ਰੀਦ ਕੇ, ਸਾਡੇ ਵਿਚ ਧੜੇ-ਬੰਦੀਆਂ ਪੈਦਾ ਕਰ ਕੇ ਸਾਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ, ਇਸ ਤਰ੍ਹਾਂ ਪਿਛੇ ਵੀ ਕੀਤਾ ਜਾਂਦਾ ਸੀ, ਪਰ ਉਸ ਸਮੇਂ ਸਾਡੇ ਆਗੂਆਂ ਦੇ ਸਾਹਮਣੇ ਧਾਰਮਿਕ ਏਕਤਾ ਪਹਿਲੇ ਨੰਬਰ ਤੇ ਹੁੰਦੀ ਸੀ।

ਜਦ ਜ਼ਾਲਮ-ਮੁਗਲ ਸਰਕਾਰ ਬੇਅੰਤ ਤਾਕਤ ਹੁੰਦਿਆਂ, ਲੱਖਾਂ ਯਤਨ ਕਰਕੇ ਵੀ ਸਿੰਘਾਂ ਨੂੰ ਖਤਮ ਨਾ ਕਰ ਸਕੀ, ਇਹਨਾਂ ਉਤੇ ਕਾਬੂ ਨਾ ਪਾ ਸਕੀ ਤਾਂ ਉਹਨਾਂ ਨੇ ਇਕ ਚਾਲ ਚਲੀ। ਚਾਲ ਇਹ ਸੀ ਕਿ ਇਹਨਾਂ ਨੂੰ ਇਕ ਵੱਖਰਾ ਇਲਾਕਾ ਦੇ ਕੇ ਆਜ਼ਾਦ ਰਾਜ ਕਰਨ ਦਿੱਤਾ ਜਾਏ। ਇਸ ਤਰ੍ਹਾਂ ਜਿਥੇ ਇਹ ਆਪਸ ਵਿਚ ਰਾਜ ਪਦ ਲਈ ਲੜ ਝਗੜ ਕੇ ਕਮਜ਼ੋਰ ਹੋਣਗੇ, ਉਥੇ ਸਾਨੂੰ ਮੁਗਲਾਂ ਨੂੰ ਵੀ ਮਨ-ਮਰਜ਼ੀ ਕਰਨ ਵਿਚ ਖੁਲ੍ਹ ਮਿਲ ਜਾਵੇਗੀ। ਇਸ ਫੁੱਟ-ਪਾਊ ਨੀਤੀ ਅਨੁਸਾਰ ਹੀ ਉਹਨਾਂ ਨੇ ਸਿੰਘਾਂ ਨੂੰ ਨਵਾਬੀ ਦੀ ਖਿੱਲਤ ਭੇਜੀ।

ਇਤਿਹਾਸ ਵਿਚ ਲਿਖਿਆ ਹੈ ਕਿ ਸਿੰਘਾਂ ਨੇ ਪਹਿਲਾਂ ਇਹ ਨਵਾਬੀ ਲੈਣੀ ਪ੍ਰਵਾਨ ਹੀ ਨਾ ਕੀਤੀ। ਪਰ ਬੜੀ ਸੋਚ ਵਿਚਾਰ ਮਗਰੋਂ ਜਦ ਫ਼ੈਸਲਾ ਹੋਇਆ ਕਿ ਘਰ ਆਈ ਨਵਾਬੀ (ਸਰਦਾਰੀ) ਨੂੰ ਠੁਕਰਾਉਣਾ ਨਹੀਂ ਚਾਹੀਦਾ ਤਾਂ ਅਗਲਾ ਸੁਆਲ ਇਹ ਖੜਾ ਹੋ ਗਿਆ ਕਿ ਇਹ ਸਰਦਾਰੀ (ਨਵਾਬੀ) ਲਵੇ ਕੌਣ ?

ਕਮਾਲ ਹੈ ਸਿੰਘਾਂ ਦੀ ਉਦਾਰਤਾ ਦਾ, ਨਿਸ਼ਕਾਮਤਾ ਦਾ। ਸਿੰਘਾਂ ਦੇ ਕਈ ਜਥੇ ਅਤੇ ਕਈ ਜਥੇਦਾਰਾਂ ਦੇ ਹੁੰਦਿਆਂ, ਕੋਈ ਵੀ ਜਥੇਦਾਰ ਇਹ ਨਵਾਬੀ (ਗਵਰਨਰ-ਰਾਜਪਾਲ) ਦੀ ਪੱਦਵੀ ਲੈਣਾ ਪ੍ਰਵਾਨ ਨਹੀਂ ਕਰਦਾ। ਅਖੀਰ ਲੰਮੀ ਵਿਚਾਰ ਮਗਰੋਂ ਸਭ ਜਥੇਦਾਰਾਂ ਨੇ ਸੰਗਤ ਵਿਚ ਪੱਖਾ ਝੱਲ ਰਹੇ ਅਤੇ ਘੋੜਿਆਂ ਦੀ ਸੇਵਾ ਕਰਨ ਵਾਲੇ ਇਕ ਸੇਵਾਦਾਰ ਨੂੰ ਜ਼ਬਰਦਸਤੀ ਨਵਾਬ ਬਣਾਉਣ ਦਾ ਮਾਣ ਸਤਿਕਾਰ ਦਿੱਤਾ। ਇਤਿਹਾਸ ਵਿਚ ਇਸ ਸੇਵਾਦਾਰ ਦਾ ਨਾਂ ਕਪੂਰ ਸਿੰਘ ਲਿਖਿਆ ਹੋਇਆ ਹੈ ਅਤੇ ਇਸ ਦੇ ਨਾਂ ਉਤੇ ਹੀ ਕਪੂਰਥਲਾ ਵਸਿਆ ਹੋਇਆ ਹੈ।

ਸਿੰਘਾਂ ਦੇ ਉਦਾਰਚਿਤ, ਨਿਸ਼ਕਾਮਤਾ ਵਾਲੇ ਉੱਚੇ ਆਚਰਣ ਦੀ ਇਹ ਇਕ ਛੋਟੀ ਜਿਹੀ ਮਿਸਾਲ ਹੈ। ਪਰ ਅੱਜ ਅਸੀਂ ਕਿਥੇ ਖੜੇ ਹਾਂ ?

ਸੋਚੀਏ ! ਇਤਨੇ ਉਚੇ ਆਚਰਣ ਵਾਲੀ ਕੌਮ ਨਾਲ ਸੰਬੰਧ ਰੱਖਣ ਵਾਲੇ ਅੱਜ ਅਸੀਂ ਕੀ ਕਰ ਰਹੇ ਹਾਂ ?

ਜੇ ਸਾਡੇ ਅੰਦਰ ਉਹ ਸਿੱਖੀ ਗੁਣ ਹੋਣ, ਉਹ ਨਿਸ਼ਕਾਮ ਸੇਵਾ ਕਰਨ ਦੀ ਭਾਵਨਾ ਹੋਵੇ, ਪਰਉਪਕਾਰ ਤੇ ਨਿਮ੍ਰਤਾ ਜੇ ਹੋਵੇ ਤਾਂ ਛੋਟੀ-ਮੋਟੀ ਪ੍ਰਧਾਨਗੀ ਜਾਂ ਸਕੱਤਰੀ ਲਈ ਅਸੀਂ ਨਾ ਲੜੀਏ, ਨਾ ਝਗੜੀਏ ਅਤੇ ਨਾ ਹੀ ਵੋਟ ਲੈਣ ਲਈ ਘਰ-ਘਰ ਜਾਂ ਹੱਟੀ-ਹੱਟੀ ਫਿਰੀਏ ਕਿ ਸਾਨੂੰ ਪ੍ਰਧਾਨ ਬਣਾਓ। ਛੋਟੀ-ਮੋਟੀ ਲੀਡਰੀ ਜਾਂ ਚੌਧਰ ਦੀ ਭੁੱਖ ਬਦਲੇ ਆਪਣੀ ਕੌਮ ਨਾਲ ਗ਼ਦਾਰੀ ਨਾ ਕਰੀਏ। (ਗੁਰਮਤਿ ਪ੍ਰਚਾਰ ਸਭਾ, ਪਟਿਆਲਾ)

---

**'ਬੀਬਾ ਸਿੱਖ ਬੱਚਾ'**—ਹੈਡਿੰਗ ਹੇਠ ਮਾਰਚ ੯੩ 'ਸੂਰਾ' ਵਿਚ ਛਪਿਆ ਮੈਟਰ ਸਿਖ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਪ੍ਰਕਾਸ਼ਤ ਪੁਸਤਕ ਵਿਚੋਂ ਚੋਰੀ ਕਰ ਕੇ ਭਾਈ ਪਰਮਜੀਤ ਸਿੰਘ ਜਲੰਧਰ ਨੇ ਆਪਣੇ ਵਲੋਂ ਭੇਜਿਆ ਸੀ, ਜੋ ਕਿ ਬਹੁਤ ਅਫ਼ਸੋਸ ਵਾਲੀ ਗੱਲ ਹੈ।



www.AKJ.Org

# ਤੁਹਾਡੀ ਖ਼ੁਰਾਕ ਮਾਸਾਹਾਰੀ ਜਾਂ ਵੈਸ਼ਨੋ ?

ਮਾਸਾਹਾਰੀ ਅਤੇ ਵੈਸ਼ਨੋ ਭੋਜਨ ਦਾ ਚਰਚਾ ਆਮ ਕਰਕੇ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਹੀ ਰਹਿੰਦਾ ਹੈ। ਮਾਸਾਹਾਰੀ ਲੋਕ ਹਰ ਦਲੀਲ ਮਾਸ ਖਾਣ ਦੇ ਹੱਕ ਵਿਚ ਦਿੰਦੇ ਹਨ ਅਤੇ ਨਹੀਂ ਮੰਨਦੇ ਕਿ ਪਾਪ-ਪੁੰਨ ਦਾ ਇਸ ਨਾਲ ਵੀ ਕੋਈ ਸੰਬੰਧ ਹੋ ਸਕਦਾ ਹੈ। ਉਹਨਾਂ ਦਾ ਵਾਸਤਾ ਤਾਂ ਆਪਣੇ ਇੰਦਰੀਆਵੀ ਭੋਗ ਦੀ ਪੂਰਤੀ ਨਾਲ ਹੈ। ਜਦੋਂ ਤੱਕ ਸੁਆਦ ਪੂਰਾ ਹੋ ਰਿਹਾ ਹੈ ਉਦੋਂ ਤਕ ਇਸ ਬਾਰੇ ਸੋਚਣ ਦੀ ਕੋਈ ਲੋੜ ਨਹੀਂ ਮਹਿਸੂਸ ਕਰਦੇ। ਦੂਜੇ ਪਾਸੇ ਵੈਸ਼ਨੋ ਭੋਜਨ ਦੇ ਹਾਮੀ ਮਾਸ ਖਾਣ ਨੂੰ ਪਾਪ ਮੰਨਦੇ ਹਨ, ਜੀਵ-ਹੱਤਿਆ ਦਾ ਵਿਰੋਧ ਕਰਦੇ ਹਨ। ਜੀਵਨ ਦੇ ਰਖਵਾਲੇ ਹੋ ਕੇ ਬੜੇ ਦਾਤਾ ਦਾਨੀ ਕਹਿਲਾ ਕੇ ਆਪਣੀ ਹਉਮੈ ਨੂੰ ਖ਼ੂਬ ਚਾਰਾ ਪਾਉਂਦੇ ਹਨ।

ਤੀਜੇ ਪਾਸੇ ਡਾਕਟਰੀ ਰਾਇ ਆ ਖਲੋਂਦੀ ਹੈ। ਸਾਰਾ ਪੱਛਮ ਮਾਸਾਹਾਰੀ ਹੋਣ ਦੇ ਬਾਵਜੂਦ ਪੱਛਮ ਦੇ ਵਧੇਰੇ ਡਾਕਟਰ ਇਸ ਦੇ ਖ਼ਿਲਾਫ਼ ਹਨ। ਉਹ ਵਧੇਰੇ ਮਾਰੂ ਬਿਮਾਰੀਆਂ : ਜਿਹਾ ਕਿ ਕੈਂਸਰ, ਟੀ.ਬੀ. ਆਦਿਕ ਮਾਸਾਹਾਰ ਵਿਚੋਂ ਉਤਪੰਨ ਹੋਣ ਦਾ ਦਾਅਵਾ ਕਰਦੇ ਹਨ।

ਵੇਦਾਂ ਪੁਰਾਣਾਂ, ਸਿਮਰਤੀਆਂ ਵਿਚ ਮਾਸਾਹਾਰ ਇਕ ਵਿਧਾਨ ਬਣ ਕੇ ਸਾਹਮਣੇ ਆਇਆ ਹੈ। ਬਲੀ ਦੇਣਾ ਅਤੇ ਬਲੀ ਦਿਤੇ ਪਸ਼ੂ ਦਾ ਮਾਸ ਪ੍ਰਸਾਦ ਸਮਝ ਕੇ ਖਾਣਾ ਜ਼ਰੂਰੀ ਕਰਾਰ ਦਿਤਾ ਗਿਆ ਹੈ। ਫੇਰ ਇਕ ਧਿਰ ਬੁੱਧ ਮੱਤ ਅਤੇ ਜੈਨ ਮੱਤ ਦੀ ਵੀ ਪੇਸ਼ ਹੈ। ਉਹ 'ਅਹਿੰਸਾ ਪਰਮੋ-ਧਰਮ' ਦਾ ਨਾਅਰਾ ਲਾਉਂਦੇ ਹਨ। ਬੁੱਧ ਮੱਤ ਅਤੇ ਜੈਨ ਮੱਤ ਦੀ ਆਮਦ ਨੇ ਭਾਰਤ ਵਿਚ ਖੁਰਾਕ ਵਿਚ ਹਿੰਸਿਤ ਜੀਵਾਂ ਦੇ ਭੋਜਨ ਦੀ ਵਰਤੋਂ ਨੂੰ ਵਰਜਿਤ ਕਰਾਰ ਦਿੱਤਾ ਹੈ। ਪਾਪ ਪੁੰਨ ਨਾਲ ਜੋੜ ਕੇ ਇਸ ਦਾ ਤ੍ਰਿਸਕਾਰ ਕੀਤਾ ਹੈ। 'ਅਹਿੰਸਾ' ਦੀ ਗੱਲ ਨੇ ਲੋਕਾਂ ਨੂੰ ਉੱਕਾ ਹੀ ਕਾਇਰ ਬਣਾ ਦਿੱਤਾ । ਕਿਸੇ ਸਮੇਂ ਲੋੜ ਪੈਣ ਤੇ ਵੀ ਇਹ ਲੋਕ ਮੁਕਾਬਲਾ ਕਰ ਸਕਣ ਦੇ ਯੋਗ ਨਾ ਰਹੇ। ਫਲਸਰੂਪ ਭਾਰਤ ਉਤੇ ਹਮਲਾ ਕਰਨ ਵਾਲੇ ਮੁੱਠੀ ਭਰ ਵਿਦੇਸ਼ੀ ਵੀ ਆਪਣੀ ਮਨ-ਮਰਜ਼ੀ ਅਨੁਸਾਰ ਅੱਤਿਆਚਾਰ ਕਰਦੇ ਰਹੇ ਅਤੇ ਇੱਜ਼ਤਾਂ, ਸੋਨਾ-ਚਾਂਦੀ ਲੁੱਟ ਕੇ ਜਾਂਦੇ ਰਹੇ।

ਇਸ ਤੋਂ ਮਗਰੋਂ ਦੇਸ਼ ਵਿਚ ਇਕ ਗੁਰਮਤਿ ਲਹਿਰ ਆਈ, ਜਿਹੜੀ ਕਿ ਮੱਧ ਕਾਲੀਨ ਸੰਤਾਂ ਭਗਤਾਂ ਅਤੇ ਗੁਰੂਆਂ ਦੀ ਦੇਣ ਹੈ। ਇਸ ਨੇ ਇਹਨਾਂ ਸਾਰੀਆਂ ਗੱਲਾਂ ਨੂੰ ਇਸ ਤਰ੍ਹਾਂ ਪ੍ਰਵਾਨ ਨਹੀਂ ਕੀਤਾ। ਨਾ ਉਹਨਾਂ ਨੇ ਅਹਿੰਸਾ ਨੂੰ ਪਰਮੋ ਧਰਮ ਪ੍ਰਵਾਨ ਕੀਤਾ ਹੈ ਅਤੇ ਨਾ ਹੀ ਹਿੰਸਕ ਹੋਣ ਦੀ ਆਗਿਆ ਦਿਤੀ।

ਮਾਸ ਖਾਣ ਵਾਲੇ ਅਤੇ ਨਾ ਖਾਣ ਵਾਲਿਆਂ ਦੇ ਵਿਚਾਰਾਂ ਵਿਚ ਬਹੁਤ ਭਿੰਨਤਾ ਹੈ। ਇਸ ਨੂੰ ਪਾਪ ਪੁੰਨ ਦੀ ਦ੍ਰਿਸ਼ਟੀ ਨਾਲ ਦੇਖਿਆ ਜਾ ਰਿਹਾ ਹੈ। ਇਸ ਨੂੰ ਚੰਗੇ ਅਤੇ ਮੰਦੇ ਕਰਮਾਂ ਵਿਚ ਸ਼ਾਮਲ ਵੀ ਕੀਤਾ ਜਾਂਦਾ ਹੈ। ਸਿਹਤ ਲਈ ਜ਼ਰੂਰੀ ਵੀ ਕਿਹਾ ਜਾ ਰਿਹਾਂ ਹੈ ਅਤੇ ਹਾਨੀਕਾਰਕ ਵੀ ਗਰਦਾਨਿਆ ਜਾ ਰਿਹਾ ਹੈ। ਅਸਲੀਅਤ ਕੀ ਹੈ, ਇਹ ਜਾਨਣ ਲਈ ਸਾਨੂੰ ਡਾਕਟਰੀ ਰਾਇ, ਧਾਰਮਿਕ ਪਿਠਭੂਮੀ, ਨਿੱਜੀ ਸੋਚ, ਕਾਨੂੰਨੇ ਕੁਦਰਤ ਦਾ ਗੰਭੀਰ ਅਧਿਐਨ ਕਰਨਾ ਪਵੇਗਾ।

ਮਾਂਸਾਹਾਰੀ ਲੋਕ ਪਾਪ ਪੁੰਨ ਦੀ ਗੱਲ ਨਾ ਮੰਨ ਕੇ ਇਸ ਨੂੰ ਖੁਰਾਕੀ ਤੱਤ ਹੀ ਪ੍ਰਵਾਨ ਕਰਦੇ ਹਨ। ਕਹਿੰਦੇ ਹਨ ਕਿ ਇਸ ਵਿਚ ਚਰਬੀ ਅਤੇ ਪ੍ਰੋਟੀਨ ਵਧੇਰੇ ਹੋਣ ਕਰਕੇ ਸਿਹਤ ਲਈ ਬਹੁਤ ਪੌਸ਼ਟਿਕ ਖੁਰਾਕ ਹੈ। ਗੱਲ ਤਾਂ ਠੀਕ ਵੀ ਹੈ। ਵਿਗਿਆਨੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਮਾਸ ਵਿਚ ੧੩ ਪ੍ਰਤੀਸ਼ਤ ਪ੍ਰੋਟੀਨ ਹੁੰਦੀ ਹੈ। ਪਰ ਏਨੀ ਕੁ ਪ੍ਰੋਟੀਨ ਤਾਂ ਹਰ ਦਾਲ ਵਿਚ ਮੌਜੂਦ ਹੈ। ਰਾਜ ਮਾਂਹ, ਮਾਂਹ, ਰੌਂਗੀ ਅਤੇ ਸੋਇਆਬੀਨ ਵਿਚ ਪ੍ਰੋਟੀਨ ਦੀ ਮਾਤਰਾ ਮਾਸ ਨਾਲੋਂ ਵੀ ਕਿਤੇ ਵੱਧ ਹੈ। ਸੋਇਆਬੀਨ ਵਿਚ ਤਾਂ ਇਹ ੩੯ ਪ੍ਰਤੀਸ਼ਤ ਹੈ, ਜੋ ਮਾਸ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਫੇਰ ਇਹ ਦਲੀਲ, ਕਿ ਮਾਸ ਖਾਣਾ ਇਸ ਵਿਚ ਪ੍ਰੋਟੀਨ ਹੋਣ ਕਰਕੇ ਜ਼ਰੂਰੀ ਹੈ, ਕੋਈ ਪਾਏਦਾਰ ਦਲੀਲ ਨਹੀਂ ਰਹਿੰਦੀ। ਇਹ ਤਾਂ ਸਾਨੂੰ ਦੁੱਧ, ਦਾਲਾਂ, ਸਬਜ਼ੀਆਂ ਵਿਚੋਂ ਚੋਖੀ ਮਾਤਰਾ ਵਿਚ ਮਿਲ ਰਹੀ ਹੈ। ਫਰ ਪਸ਼ੂ-ਮਾਸ ਖਾਣ ਦੇ ਹੱਕ ਵਿਚ ਕੀ ਰਹਿ ਜਾਂਦਾ ਹੈ ? ਸਿਰਫ ਸੁਆਦ ਬਾਕੀ ਰਹਿ ਜਾਂਦਾ ਹੈ। ਜੇ ਇਸ ਬਾਰੇ ਵੀ ਵਿਚਾਰ ਕੀਤਾ ਜਾਵੇ ਤਾਂ ਇਹ ਸਿੱਧ ਹੋ ਜਾਣਾ ਹੈ ਕਿ ਮਾਸ ਵਿਚ ਸੁਆਦ ਵਾਲੀ ਕੋਈ ਚੀਜ਼ ਨਹੀਂ ਹੈ।

ਆਮ ਕਹਾਵਤ ਹੈ 'ਘਿਓ ਬਣਾਏ ਪੂਰੀਆਂ, ਬੜੀ ਬਹੂ ਦਾ ਨਾਮ'। ਜੇ ਮਾਸ ਵਿਚ ਸੁਆਦ ਹੁੰਦਾ ਤਾਂ ਹਰ

www.AKJ.Org

ਕੋਈ ਇਸ ਨੂੰ ਬਿਨਾਂ ਉਬਾਲਿਆਂ, ਭਾਫਿਆਂ ਜਾਂ ਭੁੰਨਿਆਂ ਹੀ ਖਾ ਸਕਦਾ ਸੀ । ਪਰ ਇੰਜ ਤਾਂ ਕੋਈ ਕਰਦਾ ਨਹੀਂ । ਇਸ ਨੂੰ ਖਾਣ ਵਾਲੇ ਨੂੰ ਬੜੀਆਂ ਚੀਜ਼ਾਂ ਇਕੱਠੀਆਂ ਕਰਨੀਆਂ ਪੈਂਦੀਆਂ ਹਨ : ਮਿਰਚ, ਮਸਾਲੇ, ਘਿਉ ਆਦਿਕ ਸਭ ਕੁਝ ਚਾਹੀਦਾ ਹੈ ਇਸ ਵਿਚ ਸੁਆਦ ਭਰਨ ਲਈ । ਮਿਰਚ, ਮਸਾਲੇ ਅਤੇ ਘਿਉ ਵਿਚ ਬਣੇ ਆਲੂ, ਬੈਂਗਣ, ਕਰੇਲੇ ਕੀ ਘੱਟ ਸੁਆਦ ਬਣਦੇ ਹਨ ? ਨਹੀਂ । ਸਗੋਂ ਵਧੇਰੇ ਸੁਆਦ ਬਣਦੇ ਹਨ । ਜੇ ਮਾਸ ਇੰਨਾ ਜ਼ਿਆਦਾ ਸੁਆਦ ਹੁੰਦਾ ਤਾਂ ਮੁਕਾਬਲੇ ਵਿਚ ਸਬਜ਼ੀਆਂ ਦਾਲਾਂ ਵਲ ਕੋਈ ਮਾਸ ਖਾਣ ਵਾਲਾ ਕਦੇ ਨਾ ਜਾਂਦਾ । ਵਿਆਹਾਂ, ਸ਼ਾਦੀਆਂ ਅਤੇ ਪਾਰਟੀਆਂ ਵਿਚ ਆਮ ਦੇਖਿਆ ਗਿਆ ਹੈ ਕਿ ਮਾਸ ਖਾਣ ਵਾਲੇ ਲੋਕੀਂ ਪਹਿਲਾਂ ਆਪਣੀਆਂ ਪਲੇਟਾਂ ਵਿਚ ਮੁਰਗੇ ਭਰ ਕੇ ਵੀ ਸਬਜ਼ੀਆਂ ਦਾਲਾਂ ਨਾਲ ਲੈਂਦੇ ਹਨ, ਪੁੱਛਣ ਤੋਂ ਪਤਾ ਲੱਗਾ ਹੈ ਕਿ ਬਹੁਤਾ ਮਾਸ ਖਾਧਾ ਨਹੀਂ ਜਾ ਸਕਦਾ, ਕਿਉਂਕਿ ਇਸ ਨੂੰ ਹਜ਼ਮ ਕਰਨਾ ਇੰਨਾ ਸੌਖਾ ਕੰਮ ਨਹੀਂ । ਜੇ ਇਹ ਸੱਚ ਮੁਚ ਹੀ ਸਿਹਤ ਅਫਜ਼ਾ ਖ਼ੁਰਾਕ ਹੈ, ਜਿਹਾ ਕਿ ਇਸ ਦੇ ਸ਼ੈਦਾਈ ਦਾਅਵਾ ਕਰਦੇ ਹਨ, ਫੇਰ ਉਹ ਦਾਲਾਂ ਸਬਜ਼ੀਆਂ ਵਲ ਕਿਉਂ ਜਾਂਦੇ ਹਨ ? ਨਾਲੇ ਜਿਹੜੀ ਚੀਜ਼ ਜਿਸ ਲਈ ਲਾਭਦਾਇਕ ਹੁੰਦੀ ਹੈ ਉਹ ਕੱਚੀ ਪੱਕੀ ਹਰ ਤਰ੍ਹਾਂ ਖਾਧੀ ਜਾ ਸਕਦੀ ਹੈ ।

ਮਾਸ ਪਸ਼ੂਆਂ ਲਈ ਹੋਣ ਕਰਕੇ ਉਹਨਾਂ ਨੂੰ ਇਸ ਦੇ ਸੁਆਦ ਦੇ ਧਿਆਨ ਤੋਂ ਬਿਨਾਂ ਵੀ ਖਾਣ ਵਿਚ ਕੋਈ ਤਕਲੀਫ ਨਹੀਂ ਹੁੰਦੀ ਅਤੇ ਨਾ ਹੀ ਇਸ ਨੂੰ ਪਕਾਉਣ ਦੀ ਲੋੜ ਪੈਂਦੀ ਹੈ । ਕਰਤਾਰ ਨੇ ਉਹਨਾਂ ਦਾ ਸਰੀਰ ਇਸ ਪ੍ਰਕਾਰ ਦਾ ਬਣਾਇਆ ਹੈ ਕਿ ਉਹ ਕੱਚਾ ਹੀ ਖਾਂਦੇ ਹਨ । ਉਹਨਾਂ ਨੂੰ ਨਮਕ ਮਿਰਚ ਦੀ ਵੀ ਲੋੜ ਨਹੀਂ ਪੈਂਦੀ । ਏਵੇਂ ਹੀ ਸਾਗ ਸਬਜ਼ੀਆਂ ਮਨੁੱਖ ਲਈ ਹੋਣ ਕਰਕੇ ਉਹ ਕੱਚੀਆਂ ਮਨੁੱਖ ਲਈ ਸਭ ਤੋਂ ਲਾਭਕਾਰੀ ਦੱਸੀਆਂ ਗਈਆਂ ਹਨ । ਸਬਜ਼ੀਆਂ ਦੀ ਸਲਾਦ ਦੇ ਰੂਪ ਵਿਚ ਵਰਤੋਂ ਡਾਕਟਰੀ ਪੇਸ਼ੇ ਵਿਚ ਆਮ ਦੱਸੀ ਜਾਂਦੀ ਹੈ, ਪਰ ਉਹਨਾਂ ਨੂੰ ਉਬਾਲਣ ਨਾਲ ਉਹਨਾਂ ਦੇ ਵਧੇਰੇ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ । ਇਸੇ ਕਰਕੇ ਕੱਚੀਆਂ ਸਬਜ਼ੀਆਂ ਮਨੁੱਖੀ ਸਰੀਰ ਲਈ ਵਧੇਰੇ ਲਾਭਕਾਰੀ ਹਨ । ਪਰ ਕੱਚਾ ਮਾਸ ਪਸ਼ੂ ਹੀ ਖਾ ਸਕਦੇ ਹਨ, ਮਨੁੱਖ ਨਹੀਂ ਖਾ ਸਕਦਾ ।

ਮਾਸ ਦੇ ਪੌਸ਼ਟਿਕ ਹੋਣ ਦੀ ਜਿਹੜੀ ਭ੍ਰਾਂਤੀ ਅਸੀਂ ਪਾਲ ਰਹੇ ਹਾਂ, ਉਹ ਠੀਕ ਨਹੀਂ ਜਾਪਦੀ । ਅਸੀਂ ਪਸ਼ੂਆਂ ਨੂੰ ਖਾਂਦੇ ਹਾਂ ਇਸ ਕਰਕੇ ਕਿ ਉਹਨਾਂ ਵਿਚ ਪ੍ਰੋਟੀਨ ਹੁੰਦੀ ਹੈ । ਪਰ ਪ੍ਰੋਟੀਨ ਦੇ ਸਰੋਤ ਤਾਂ ਹੋਰ ਵੀ ਬਹੁਤ ਹਨ—ਦਾਲਾਂ, ਸਬਜ਼ੀਆਂ, ਦੁੱਧ ਆਦਿਕ । ਜੇ ਪ੍ਰੋਟੀਨ ਦੀ ਕਸਵੱਟੀ ਹੋਵੇ ਤਾਂ ਇਸ ਦੀ ਪੂਰਤੀ ਪ੍ਰੋਟੀਨ ਦੇ ਸਰੋਤ ਨੂੰ ਹਮੇਸ਼ਾ ਵਾਸਤੇ ਖ਼ਤਮ ਕਰਨ ਦੀ ਥਾਂ ਉਸ ਦੀ ਸੰਭਾਲ ਨਾਲ ਵਧੇਰੇ ਹੋ ਸਕਦੀ ਹੈ । ਪਸ਼ੂਆਂ ਤੋਂ ਦੁੱਧ ਰਾਹੀਂ ਖ਼ੁਰਾਕ ਦੇ ਸਾਰੇ ਪੌਸ਼ਟਿਕ ਤੱਤ ਵਧੇਰੇ ਆਸਾਨੀ ਨਾਲ ਲਏ ਜਾ ਸਕਦੇ ਹਨ । ਉਹ ਵਿਚਾਰੇ ਸਾਥੋਂ ਘਾਹ ਲੈ ਕੇ ਦੁੱਧ ਦਿੰਦੇ ਹਨ । ਦੁੱਧ ਵਿਚ ਵਿਟਾਮਿਨ, ਖਣਿਜ ਪਦਾਰਥ, ਪ੍ਰੋਟੀਨ ਬਹੁਤ ਸੰਤੁਲਤ ਮਿਲਦੇ ਹਨ । ਇਸ ਤੋਂ ਬਿਨਾਂ ਮੱਖਣ, ਘਿਉ ਵੀ ਬਹੁਤ ਉੱਚ ਕੋਟੀ ਦਾ ਮਿਲਦਾ ਹੈ । ਸਰੀਰ ਵਾਸਤੇ ਇਹ ਪਦਾਰਥ ਵਰਦਾਨ ਹਨ । ਲੋਕੀ ਇਹਨਾਂ ਨੂੰ ਰਤਨ ਅਤੇ ਅੰਮ੍ਰਿਤ ਵੀ ਕਿਹਾ ਕਰਦੇ ਸਨ । ਕੀ ਕਮਾਲ ਹੈ ਕਿ ਇਸ ਜੀਵਤ ਮਸ਼ੀਨ ਦਾ, ਕਿ ਸੁੱਕੀ ਤੂੜੀ ਘਾਹ ਚਾਰਾ ਖਾ ਕੇ ਕਿੰਨੇ ਗੁਣਾਂ ਵਾਲਾ ਦੁੱਧ, ਦਹੀਂ, ਘਿਉ, ਮੱਖਣ, ਲੱਸੀ, ਵਿਟਾਮਿਨ ਅਤੇ ਖਣਿਜ ਪਦਾਰਥ ਪ੍ਰਦਾਨ ਕਰਦੀ ਹੈ । ਮੱਝ, ਗਾਂ, ਬੱਕਰੀ ਘਾਹ ਫੂਸ ਖਾ ਕੇ ਚੋਦਾਂ ਰਤਨ ਪ੍ਰਦਾਨ ਕਰਦੀ ਹੈ । ਘਾਹ ਫੂਸ ਪਾਣੀ ਆਦਿਕ ਵਿਚ ਦੁੱਧ ਘਿਉ, ਵਿਟਾਮਿਨ ਕਿਥੇ ਹਨ ? ਘਾਹ ਦਾ ਕੋਈ ਦੁੱਧ ਬਣਾ ਕੇ ਦਿਖਾ ਸਕਿਆ ਹੈ ਅੱਜ ਤੱਕ ? ਜੇ ਨਹੀਂ ਤਾਂ ਇੰਨੀ ਸੁਹਣੀ ਮਸ਼ੀਨ ਨੂੰ ਜਿਹੜੀ ਸਾਡੀ ਇੰਨੀ ਸ਼ਾਨਦਾਰ ਸੇਵਾ ਅਤੇ ਮਦਦ ਕਰ ਰਹੀ ਹੈ; ਘਾਹ ਖਾ ਕੇ ਦੁੱਧ, ਘਿਉ, ਪ੍ਰੋਟੀਨ, ਕੈਲਸ਼ੀਅਮ ਅਤੇ ਹੋਰ ਵਸਤਾਂ ਦੇ ਰਹੀ ਹੈ, ਨਸ਼ਟ ਕਰਨ ਦੀ ਗੱਲ ਕਿਵੇਂ ਸੋਚੀ ਜਾ ਸਕਦੀ ਹੈ ? ਮੈਂ ਪੁੰਨ ਤੇ ਪਾਪ ਦੀ ਗੱਲ ਨਹੀਂ ਕਰਦਾ, ਮੈਂ ਉਸ ਬੱਚੇ ਦੀ ਗੱਲ ਕਰਦਾ ਹਾਂ ਜਿਸ ਨੂੰ ਜੀਵਨ ਦੇ ਪਹਿਲੇ ਪੱਚੀ ਸਾਲ ਮੱਝ, ਗਾਂ ਦੇ ਦੁੱਧ ਅਤੇ ਦੁੱਧ-ਉਪਜਾਂ ਦੀ ਉਸ ਦੇ ਸਰੀਰ ਦੇ ਵਿਕਾਸ ਅਤੇ ਹੱਡੀਆਂ ਦੀ ਮਜ਼ਬੂਤੀ ਲਈ ਬਹੁਤ ਲੋੜ ਹੁੰਦੀ ਹੈ । ਉਸ ਬੁੱਢੇ ਦੀ ਗੱਲ ਕਰਦਾ ਹਾਂ ਜਿਸ ਨੂੰ ਦੁੱਧ ਹਜ਼ਮ ਕਰਨਾ ਮੁਸ਼ਕਿਲ ਹੈ, ਗੈਸ ਪੈਦਾ ਕਰਦਾ ਹੈ, ਕਬਜ਼ ਕਰਦਾ ਹੈ, ਖ਼ੂਨ ਵਿਚ ਕੋਲੈਸਟਰੋਲ ਵਧਾਉਂਦਾ ਹੈ, ਮੱਖਣ ਅਤੇ ਘਿਉ ਵੀ ਉਸ ਦੇ ਦਿਲ ਦੀ ਪਾਏਦਾਰੀ ਲਈ ਹਾਨੀਕਾਰਕ ਹਨ । ਉਸ ਲਈ ਦਹੀਂ ਅਤੇ ਲੱਸੀ ਪੂਰੀ ਤਰ੍ਹਾਂ ਪੁਹੰਦੇ ਹਨ ਅਤੇ ਉਸ ਵਾਸਤੇ ਜੀਵਨ-ਦਾਤਾ ਹਨ ।

[ਸ. ਗੁਰਚਰਨ ਸਿੰਘ ਮੋਹੇ, ਅਜੀਤ, ਮੈਗਜ਼ੀਨ 21-2-93

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੬)

ਸਤਿਗੁਰ ਦੇਵ ਸੇਵ ਅਲਖ ਅਭੇਵ ਗਤਿ,
ਸਾਵਧਾਨ ਸਾਧ ਸੰਗਿ ਸਿਮਰਨ ਮਾਤ੍ਰ ਕੈ ॥
ਪਤਿਤ ਪੁਨੀਤ ਰੀਤਿ ਪਾਰਸ ਕਰੈ ਮਨੂਰ,
ਬਾਂਸ ਮੈ ਸੁਬਾਸੁ ਦੈ ਕੁਪਾਤ੍ਰਹਿ ਸੁਪਾਤ੍ਰ ਕੈ ॥
ਪਤਿਤ ਪੁਨੀਤ ਕਰਿ ਪਾਵਨ ਪਵਿਤ੍ਰ ਕੀਨੇ,
ਪਾਰਸ ਮਨੂਰ ਬਾਂਸ ਬਾਸੈ ਦ੍ਰੁਮ ਜਾਤ੍ਰ ਕੈ ॥
ਸਰਿਤਾ ਸਮੁੰਦ੍ਰ ਸਾਧ ਸੰਗਿ ਤ੍ਰਿਖਾਵੰਤ ਜੀਅ,
ਕ੍ਰਿਪਾ ਜਲ ਦੀਜੈ, ਮੋਹਿ ਕੰਠ ਛੇਦ ਚਾਤ੍ਰਕੈ ॥੯੩॥

**ਪਦ ਅਰਥ** : ਸਤਿਗੁਰ ਦੇਵ–ਪ੍ਰਕਾਸ਼ ਰੂਪ ਸਤਿਗੁਰੂ । ਅਲਖ–ਜੋ ਸਮਝ ਤੋਂ ਪਰੇ ਹੈ । ਅਭੇਵ–ਜਿਸਦਾ ਭੇਦ ਨਹੀਂ ਪਾਇਆ ਜਾ ਸਕਦਾ । ਗਤਿ–ਗਤੀ । ਸਾਵਧਾਨ–ਸੁਚੇਤ, ਇਕਾਗਰ ਚਿਤ ਹੋ ਕੇ । ਪਤਿਤ–ਪਾਪੀ । ਪੁਨੀਤ–ਪਵਿਤਰ । ਮਨੂਰ–ਸੜਿਆ ਹੋਇਆ ਲੋਹਾ । ਸੁਬਾਸੁ–ਸੁਗੰਧੀ । ਕੁਪਾਤ੍ਰਹਿ–ਖੋਟੇ ਪ੍ਰਾਣੀਆਂ ਨੂੰ । ਸੁਪਾਤ੍ਰ–ਨੇਕ ਜੀਵ । ਪਾਵਨ–ਪਵਿਤਰ । ਬਾਸੈ–ਸੁਗੰਧਤ ਕਰ ਦੇਵੇ । ਦ੍ਰੁਮ ਜਾਤ੍ਰ–ਬ੍ਰਿਛ ਜਾਤੀ । ਸਰਿਤਾ–ਨਦੀਆਂ । ਤ੍ਰਿਖਾਵੰਤ–ਪਿਆਸਾ । ਕੰਠ ਛੇਦ ਚਾਤ੍ਰਕੈ–ਗਲ ਵਿਚ ਛੇਕ ਵਾਲੇ ਪਪੀਹੇ ਵਾਂਗ ।

**ਅਰਥ** : ਸਾਧੂ ਸਤਿ ਪੁਰਖਾਂ ਦੀ ਸੰਗਤ ਵਿਚ ਸੁਚੇਤ ਹੋ ਕੇ, ਪ੍ਰਕਾਸ਼ ਰੂਪ ਸਤਿਗੁਰੂ ਦੀ ਸੇਵਾ ਅਤੇ ਸਿਮਰਨ ਕੀਤਿਆਂ ਅਲੱਖ ਤੇ ਅਭੇਵ ਵਾਹਿਗੁਰੂ ਦੀ ਸੋਝੀ ਹੋ ਆਉਂਦੀ ਹੈ ।

ਪਾਪੀਆਂ ਨੂੰ ਪਵਿਤਰ ਕਰਨ ਵਾਲੀ ਰੀਤੀ ਅਨੁਸਾਰ, (ਸਤਿਗੁਰੂ) ਮਨੂਰ ਹੋਏ ਖੋਟੇ ਪੁਰਸ਼ਾਂ ਨੂੰ (ਆਪਣੇ ਸਮਾਨ) ਪਾਰਸ ਅਤੇ ਬਾਂਸ ਵਰਗੇ ਹੰਕਾਰੀ ਮਨੁੱਖਾਂ ਨੂੰ ਸੁਗੰਧੀ ਵਾਲਾ ਉਤਮ ਪੁਰਖ ਬਣਾ ਦੇਂਦਾ ਹੈ ।

(ਸਤਿਗੁਰੂ) ਜਿਸ ਪਾਪੀ ਨੂੰ ਪਵਿਤਰ ਕਰਦਾ ਹੈ, ਉਹ (ਆਪ) ਪਵਿਤਰ ਹੋ ਕੇ (ਹੋਰਨਾਂ ਨੂੰ ਵੀ) ਪਵਿਤਰ ਕਰਦਾ ਹੈ, ਵਿਕਾਰਾਂ ਨਾਲ ਸੜਿਆ ਹੋਇਆ ਮਨੂਰ ਸਮਾਨ ਜੀਵ ਪਾਰਸ ਸਮਾਨ ਉਤਮ ਹੋ ਜਾਂਦਾ ਹੈ ਅਤੇ ਬਾਂਸ (ਵਰਗਾ ਹੰਕਾਰੀ ਜੀਵ, ਨਾਮ-ਸਿਮਰਨ ਦੀ ਕਮਾਈ ਸਦਕਾ, ਨਿਮਰ ਭਾਵ ਵਿਚ ਨਾਮ ਨਾਲ ਸੁਗੰਧਤ ਹੋ ਕੇ) ਹੋਰ ਬ੍ਰਿਛ-ਜਾਤੀ ਨੂੰ ਵੀ ਸੁਗੰਧਤ ਕਰਦਾ ਹੈ ।

ਸਤਿ ਪੁਰਸ਼ਾਂ ਦੀ ਸੰਗਤ ਨਦੀਆਂ ਤੇ ਸਮੁੰਦਰ ਸਮਾਨ ਹੈ, (ਪਰ ਮੈਂ ਅਭਾਗਾ) ਜੀਅ (ਫਿਰ ਵੀ) ਪਿਆਸਾ ਹਾਂ, ਕਿਉਂਕਿ ਪਪੀਹੇ ਦੇ ਗਲੇ ਵਿਚ ਛੇਕ ਹੋਣ ਵਾਂਗ (ਅਉਗੁਣੀ ਭਰਪੂਰ ਹੋਣ ਕਾਰਨ ਮੇਰੇ ਵਿਚ ਛੇਕ ਹੈ), (ਕਿਰਪਾ ਕਰ ਕੇ) ਮੈਨੂੰ ਕਿਰਪਾ ਜਲ (ਨਾਮ-ਜਲ) ਦੀ ਬਖ਼ਸ਼ਸ਼ ਕਰੋ ਜੀ ।੯੩।

ਬੀਸ ਕੇ ਬਰਤਮਾਨ ਭਏ ਨ ਸੁਬਾਸੁ ਬਾਂਸੁ,
ਹੇਮ ਨ ਭਏ ਮਨੂਰ, ਲੋਗ ਬੇਦ-ਗਿਆਨ ਹੈ ॥
ਗੁਰਮੁਖਿ ਪੰਥ ਇਕ ਈਸ ਕੋ ਬਰਤਮਾਨ,
ਚੰਦਨ ਸੁਬਾਸ ਬਾਂਸ ਬਾਸੈ ਦ੍ਰੁਮ ਆਨ ਹੈ ॥
ਕੰਚਨ ਮਨੂਰ ਹੋਇ ਪਾਰਸ ਪਰਸ ਭੇਟਿ,
ਪਾਰਸ ਮਨੂਰ ਕਰੈ ਅਉਰ ਠਉਰ ਮਾਨ ਹੈ ॥
ਗੁਰਸਿਖ ਸਾਧ ਸੰਗਿ ਪਤਿਤ ਪੁਨੀਤ ਰੀਤਿ,
ਗੁਰਸਿਖ ਸੰਧਿ ਮਿਲੇ ਗੁਰਸਿਖ ਜਾਨਿ ਹੈ ॥੯੪॥

**ਪਦ ਅਰਥ** : ਬੀਸ–ਸੰਸਾਰ । ਬਰਤਮਾਨ–ਵਰਤਾਰਾ । ਸੁਬਾਸੁ–ਸੁਗੰਧੀ । ਹੇਮ–ਸੋਨਾ । ਮਨੂਰ–


www.AKJ.Org

ਸੜਿਆ ਹੋਇਆ ਨਿਕੰਮਾ ਲੋਹਾ । ਲੋਗ ਬੇਦ ਗਿਆਨ—ਲੋਕਾਂ ਅਤੇ ਵੇਦ ਆਦਿ ਧਰਮ-ਪੁਸਤਕਾਂ ਦਾ ਗਿਆਨ । ਪੰਥ—ਮਾਰਗ, ਰਸਤਾ । ਇਕ ਈਸ ਕੋ—ਇਕ ਈਸ਼ਵਰ ਦਾ । ਬਾਸੈ—ਸੁਗੰਧਤ ਕਰਦੀ ਹੈ । ਦ੍ਰੁਮ ਆਨ—ਹੋਰ ਬ੍ਰਿਛਾਂ ਨੂੰ । ਕੰਚਨ—ਸੋਨਾ । ਭੇਟਿ-ਮਿਲ ਕੇ । ਅਉਰ ਠਉਰ—ਹੋਰ ਥਾਵਾਂ ਤੇ । ਮਾਨ-ਮਾਣ ਵਡਿਆਈ ਵਾਲਾ । ਪਤਿਤ ਪੁਨੀਤ ਰੀਤਿ—ਪਾਪੀਆਂ ਨੂੰ ਪਵਿਤਰ ਕਰਨ ਵਾਲੀ ਮਰਯਾਦਾ । ਸੰਧਿ—ਸੰਧੀ, ਮੇਲ ।

**ਅਰਥ** : ਲੋਕਾਂ ਤੇ ਵੇਦ ਆਦਿ ਧਰਮ-ਪੁਸਤਕਾਂ ਦਾ ਗਿਆਨ ਹੈ ਕਿ ਸੰਸਾਰ ਦੇ ਵਰਤਾਰੇ ਵਿਚ ਬਾਂਸ ਸੁਗੰਧੀ ਵਾਲਾ ਅਤੇ ਨਿਕੰਮਾ ਲੋਹਾ ਸੋਨਾ ਨਹੀਂ ਬਣ ਸਕਦਾ । ਗੁਰਮਤਿ ਅਨੁਸਾਰ ਇਥੇ ਭਾਵ ਹੈ ਬਾਂਸ ਸਮਾਨ ਹੰਕਾਰੀ ਮਨੁਖ ਸੁਭ ਗੁਣਾਂ ਦੀ ਸੁਗੰਧੀ ਵਾਲਾ ਅਤੇ ਮਨੂਰ ਸਮਾਨ ਵਿਸ਼ੇ ਵਿਕਾਰਾਂ ਵਿਚ ਜਲਿਆ ਹੋਇਆ ਪ੍ਰਾਣੀ ਉਜਲ ਸੋਨੇ ਵਰਗਾ ਨਹੀਂ ਹੋ ਸਕਦਾ ।

ਗੁਰਸਿੱਖੀ ਮਾਰਗ ਇਕ ਈਸ਼ਵਰ ਦੇ ਵਰਤਾਰੇ ਵਾਲਾ ਹੈ । ਚੰਦਨ ਰੂਪ ਸਤਿਗੁਰੂ ਬਾਂਸ (ਸਮਾਨ ਅਹੰਕਾਰੀ ਜੀਵ ਨੂੰ ਨਿਮਰਤਾ ਤੇ ਨਾਮ-ਸਿਮਰਨ ਬਖ਼ਸ਼ ਕੇ) ਸੁਗੰਧੀ ਵਾਲਾ ਕਰਦਾ ਹੈ ਅਤੇ ਉਸ (ਦੇ ਨਾਮ-ਸਿਮਰਨ ਅਭਿਆਸ) ਦੀ ਸੁਗੰਧੀ ਹੋਰ ਬ੍ਰਿਛਾਂ (ਪ੍ਰਾਣੀਆਂ) ਨੂੰ ਸੁਗੰਧਤ ਕਰ ਦਿੰਦੀ ਹੈ ।

ਵਿਸ਼ੇ ਵਿਕਾਰਾਂ ਵਿਚ ਮਨੂਰ ਹੋਇਆ ਪ੍ਰਾਣੀ ਸਤਿਗੁਰੂ-ਪਾਰਸ ਨੂੰ ਭੇਟ ਕੇ ਸੋਨੇ ਸਮਾਨ ਉਤਮ ਤੇ ਉਜਲ ਹੋ ਜਾਂਦਾ ਹੈ । ਸਤਿਗੁਰੂ-ਪਾਰਸ ਮਨੂਰ ਵਰਗੇ ਸੜੇ ਭੁਜੇ ਪਾਪੀ ਨੂੰ ਪਾਰਸ ਕਰ ਦਿੰਦਾ ਹੈ ਅਤੇ ਉਹ ਸਭ ਥਾਈਂ ਮਾਣ-ਵਡਿਆਈ ਪਾਂਦਾ ਹੈ ।

ਸਤਿ ਪੁਰਖ ਸਿਖ-ਸੇਵਕਾਂ ਦੀ ਸੰਗਤ ਦੀ ਇਹ ਮਰਯਾਦਾ ਹੈ ਕਿ ਉਹ ਪਾਪੀਆਂ ਨੂੰ ਪਵਿਤਰ ਕਰ ਦਿੰਦੀ ਹੈ। ਜੋ ਵੀ ਸਤਿ ਪੁਰਖ ਗੁਰਸਿੱਖਾਂ ਦੀ ਸੰਗਤ ਵਿਚ ਮਿਲਦਾ ਹੈ, ਉਹ ਵੀ ਗੁਰਸਿਖ ਹੀ ਜਾਣਿਆ ਜਾਂਦਾ ਹੈ ।੮੪।

**ਚਰਨ ਸਰਨਿ ਗੁਰ, ਭਈ ਨਿਹਚਲ ਮਤਿ,**
**ਮਨ ਉਨਮਨ ਲਿਵ ਸਹਜ ਸਮਾਏ ਹੈਂ ॥**
**ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ,**
**ਪਰਮਦਭੁਤ ਪ੍ਰੇਮ ਨੇਮ ਉਪਜਾਏ ਹੈਂ ॥**
**ਗੁਰ ਸਿਖ ਸਾਧ ਸੰਗਿ ਰੰਗੁ ਹੁਇ ਤੰਬੋਲ ਰਸ,**
**ਪਾਰਸ ਪਰਸਿ ਧਾਤ ਕੰਚਨ ਦਿਖਾਏ ਹੈਂ ॥**
**ਚੰਦਨ ਸੁਗੰਧਿ ਸੰਧਿ ਬਾਸਨਾ ਸੁਬਾਸ ਤਾਸ,**
**ਅਕਥ ਕਥਾ ਬਿਨੋਦ ਕਹਤ ਨ ਆਏ ਹੈਂ ॥੮੫॥**

**ਪਦ ਅਰਥ** : ਨਿਹਚਲ—ਅਡੋਲ, ਅਚੱਲ । ਉਨਮਨ-ਉਚੀ ਆਤਮ ਅਵਸਥਾ । ਦ੍ਰਿਸਟਿ—ਦ੍ਰਿਸ਼ਟੀ, ਨਜ਼ਰ । ਪਰਮਦਭੁਤ—ਪਰਮ ਅਦਭੁਤ, ਅਤੀ ਅਸਚਰਜ । ਪ੍ਰੇਮ ਨੇਮ—ਪ੍ਰੇਮ ਦੀ ਮਰਯਾਦਾ, ਪ੍ਰੇਮ ਲਈ ਸ਼ਰਧਾ । ਉਪਜਾਏ ਹੈ—ਉਪਜਦੀ ਹੈ, ਪੈਦਾ ਹੁੰਦੀ ਹੈ । ਤੰਬੋਲ ਰਸ—ਪਾਨ ਦਾ ਰਸ । ਪਰਸਿ—ਪਰਸ ਕੇ, ਭੇਟ ਕੇ । ਕੰਚਨ—ਸੋਨਾ । ਸੰਧਿ—ਸੰਧੀ, ਮੇਲ । ਬਾਸਨਾ—ਵਾਸ਼ਨਾ । ਸੁਬਾਸ—ਸੁਗੰਧਤ । ਤਾਸ—ਤਿਸ ਦੀ । ਬਿਨੋਦ—ਮੰਗਲ, ਅਨੰਦ ।

**ਅਰਥ** : ਸਤਿਗੁਰੂ ਦੀ ਚਰਨ ਸ਼ਰਨ ਪਿਆਂ ਮਤਿ ਅਡੋਲ ਹੋ ਜਾਂਦੀ ਹੈ ਅਤੇ ਮਨ ਉਨਮਤੀ ਆਤਮ-ਅਵਸਥਾ ਵਿਚ ਲਿਵ ਜੋੜ ਕੇ, ਸਹਜ ਵਿਚ ਸਮਾ ਜਾਂਦਾ ਹੈ ।

(ਸਤਿਗੁਰੂ ਦੇ) ਦਰਸ਼ਨ ਵਿਚ ਦ੍ਰਿਸ਼ਟੀ ਜੁੜਨ ਅਤੇ ਗੁਰ-ਸ਼ਬਦ ਨਾਲ ਸੁਰਤ ਦਾ ਪਰਚਾ ਪੈਣ ਨਾਲ, ਭਾਵ, ਨਾਮ-ਅਭਿਆਸ ਦੇ ਅਨੰਦੀ ਰੰਗ ਬਝਣ ਨਾਲ, ਅਤੀ ਅਸਚਰਜ ਪ੍ਰੇਮ ਭਰੀ ਸ਼ਰਧਾ ਉਪਜਦੀ ਹੈ ।

ਗੁਰੂ ਦੇ ਅਨਿੰਨ ਸਿਖ-ਸੇਵਕਾਂ, ਉਤਮ ਪੁਰਸ਼ਾਂ ਦੀ ਸੰਗਤ ਵਿਚ ਨਾਮ-ਰੰਗ ਐਸਾ ਚੜ੍ਹਦਾ ਹੈ (ਜਿਵੇਂ ਚੂਨਾ ਕਥਾ, ਇਲਾਚੀ, ਸੁਪਾਰੀ ਆਦਿ ਵਸਤੂਆਂ ਪਾਨ ਨਾਲ ਮਿਲ ਕੇ ਇਕ-ਰੂਪ ਹੋ ਜਾਂਦੀਆਂ ਹਨ ਅਤੇ (ਇਨ੍ਹਾਂ ਸਭਨਾਂ ਦੇ ਨਾਲ) ਪਾਨ ਦਾ ਰਸ ਹੀ ਪ੍ਰਗਟਦਾ ਹੈ, ਅਤੇ ਜਿਵੇਂ ਪਾਰਸ ਨੂੰ ਪਰਸ ਕੇ ਹੋਰ ਧਾਤਾਂ ਸੋਨਾ ਹੋ ਜਾਂਦੀਆਂ ਹਨ ।

(ਇਹੋ ਜਿਹਾ ਰੰਗ ਚੜ੍ਹਦਾ ਹੈ ਸਤਿ ਪੁਰਖਾਂ ਦੀ ਸੰਗਤ ਕਰਨ ਨਾਲ)।

ਜਿਵੇਂ ਚੰਦਨ ਦੀ ਸੁਗੰਧੀ ਨਾਲ ਮਿਲ ਕੇ, ਉਸ ਦੀ ਵਾਸ਼ਨਾ ਨਾਲ ਸੁਗੰਧਤ ਹੋ ਜਾਈਦਾ ਹੈ, (ਇਉਂ ਹੀ ਸਤਿਗੁਰੂ ਦੀ ਚਰਨ ਸਰਨ ਲੈਣ, ਦਰਸ਼ਨ ਪਰਸਣ, ਸੁਰਤ ਦੇ ਸ਼ਬਦ ਨਾਲ ਇਕ-ਰੂਪ ਹੋਣ, ਅਤੇ ਸਾਧੂ ਪੁਰਖਾਂ ਦੀ ਸੰਗਤ ਨਾਲ ਸੁਗੰਧ ਵਾਲੇ ਖੇੜੇ ਖਿੜਦੇ ਹਨ)। ਇਸ ਅਨੰਦ-ਮੰਗਲ ਦਾ ਕਥਨ ਨਹੀਂ ਕੀਤਾ ਜਾ ਸਕਦਾ, ਕਹਿਣ ਤੋਂ ਪਰੇ ਹੈ।੯੫।

**ਪ੍ਰੇਮ-ਰਸ ਅੰਮ੍ਰਿਤ ਨਿਧਾਨ ਪਾਨਿ ਪੂਰਨ ਹੁਇ,**
**ਅਕਥ ਕਥਾ ਬਿਨੋਦ ਕਹਤ ਨ ਆਏ ਹੈਂ॥**
**ਗਿਆਨ ਧਿਆਨ ਸਿਆਨ ਸਿਮਰਨ ਬਿਸਿਮਰਨ ਕੈ,**
**ਬਿਸਮ ਬਿਦੇਹ ਬਿਸਮਾਦ ਬਿਸਮਾਏ ਹੈਂ॥**
**ਆਦਿ ਪਰਮਾਦਿ ਅਰੁ ਅੰਤ ਕੈ ਅਨੰਤ ਭਏ,**
**ਥਾਹ ਕੈ ਅਥਾਹ ਨ ਅਪਾਰ ਪਾਰ ਪਾਏ ਹੈਂ॥**
**ਗੁਰ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ,**
**ਸੋਹੰ ਸੋਈ ਦੀਪਕ ਸੈ ਦੀਪਕ ਜਗਾਏ ਹੈਂ॥੯੬॥**

**ਪਦ ਅਰਥ :** ਅੰਮ੍ਰਿਤ ਨਿਧਾਨ—ਅੰਮ੍ਰਿਤ ਦਾ ਭੰਡਾਰ। ਪਾਨਿ—ਪੀ ਕੇ। ਪੂਰਨ ਹੁਇ—ਪੂਰੇ ਤੌਰ ਤੇ ਤ੍ਰਿਪਤ ਹੋ ਜਾਂਦਾ ਹੈ। ਬਿਨੋਦ—ਅਨੰਦ-ਮੰਗਲ। ਸਿਆਨ—ਸਿਆਣਪਾਂ। ਬਿਸਿਮਰਨ ਕੈ—ਪੂਰੀ ਤਰ੍ਹਾਂ ਭੁਲਾ ਕੇ। ਬਿਦੇਹ—ਜਿਸ ਦਾ ਦੇਹ-ਅਭਿਮਾਨ ਦੂਰ ਹੋ ਗਿਆ ਹੋਵੇ। ਬਿਸਮ ਬਿਸਮਾਦ—ਅਸਚਰਜ ਹੀ ਅਸਚਰਜ। ਆਦਿ—ਮੁਢ, ਅਰੰਭ। ਪਰਮਾਦਿ—ਆਦਿ ਤੋਂ ਪਰੇ। ਅਨੰਤ—ਅੰਤ ਤੋਂ ਪਰੇ। ਥਾਹ—ਡੂੰਘਾਈ। ਅਥਾਹ—ਜਿਸ ਦੀ ਡੂੰਘਾਈ ਨਾ ਲਭੀ ਜਾ ਸਕੇ। ਪਾਰ—ਦੂਜਾ ਸਿਰਾ, ਪਾਰਲਾ ਬੰਨਾ। ਅਪਾਰ—ਜਿਸ ਦਾ ਪਾਰ ਨਾ ਲਭਿਆ ਜਾ ਸਕੇ। ਗੁਰ ਸਿਖ ਸੰਧਿ ਮਿਲੇ—ਗੁਰੂ ਤੇ ਸਿਖ ਦਾ ਮਿਲਾਪ ਹੋਇਆਂ। ਬੀਸ—ਵੀਹ ਵਿਸਵੇ, ਨਿਸਚੇ ਕਰ ਕੇ। ਇਕ ਈਸ—ਇਕ ਈਸ਼ਵਰ। ਸੋਹੰ ਸੋਈ—ਓਹੀ ਪ੍ਰਭੂ। ਦੀਪਕ—ਦੀਵਾ।

**ਅਰਥ** : (ਚੌਥੀ ਤੁਕ ਤੋਂ ਸੇਧ ਲੈ ਕੇ)—

(ਗੁਰੂ ਅਤੇ ਸਿਖ ਦੇ ਮਿਲਾਪ ਦੇ) ਅਨੰਦ-ਮੰਗਲ ਦੀ ਕਥਾ ਕਥਨ ਤੋਂ ਪਰੇ ਹੈ, ਉਹ ਕਹੀ ਨਹੀਂ ਜਾ ਸਕਦੀ। (ਸਤਿਗੁਰੂ ਦੇ ਬਖ਼ਸ਼ੇ ਨਾਮ-ਸਿਮਰਨ ਦੀ ਘਾਲ ਕਮਾਈ ਸਦਕਾ) ਪ੍ਰੇਮ-ਰਸ ਦੇ ਅੰਮ੍ਰਿਤ-ਭੰਡਾਰ ਪੀ ਪੀ ਕੇ, ਸਿਖ ਪੂਰੇ ਤੌਰ ਤੇ ਤ੍ਰਿਪਤ ਹੋ ਜਾਂਦਾ ਹੈ।

ਸੰਸਾਰਕ ਗਿਆਨ, ਧਿਆਨ, ਸਿਆਣਪਾਂ ਅਤੇ ਸਿਮਰਨ (ਦੀਆਂ ਡੀਂਗਾਂ) ਮੂਲੋਂ ਭੁਲਾ ਕੇ (ਸਤਿਗੁਰੂ ਦੀ ਦਾਤਿ ਨਾਮ-ਸਿਮਰਨ ਦੀ ਅਤੁਟ ਕਮਾਈ ਕਰ ਕੇ ਸਿਖ) ਦੇਹੋਂ ਬਿਦੇਹ ਅਤੇ ਅਸਚਰਜ ਤੋਂ ਅਸਚਰਜ ਦਸ਼ਾ ਵਿਚ ਸਮਾ ਜਾਂਦਾ ਹੈ।

(ਆਦਿ ਜੁਗਾਦਿ ਪ੍ਰਭੂ ਨਾਲ ਇਕ-ਮਿਕ ਹੋਣ ਦੇ ਪਦ ਨੂੰ ਪ੍ਰਾਪਤ ਕਰ ਕੇ ਸਿਖ) ਆਦਿ ਵਲੋਂ ਆਦਿ ਤੋਂ ਪਰੇ ਅਤੇ ਅੰਤ ਵਲੋਂ ਅੰਤ-ਰਹਿਤ ਹੋ ਜਾਂਦਾ ਹੈ, ਥਾਹ ਪਾਏ ਜਾਣ ਵਲੋਂ ਅਥਾਹ (ਅਤਿ ਡੂੰਘਾ) ਹੋ ਜਾਂਦਾ ਹੈ ਅਤੇ (ਅਪਾਰ ਪ੍ਰਭੂ ਵਿਚ ਅਭੇਦ ਹੋਣ ਕਰਕੇ ਸਿਖ ਦਾ) ਪਾਰ ਨਹੀਂ ਪਾਇਆ ਜਾ ਸਕਦਾ।

ਗੁਰੂ ਅਤੇ ਸਿਖ ਦਾ ਮਿਲਾਪ ਹੋਣ ਨਾਲ, ਨਿਸਚੇ ਜਾਣੋ ਕਿ ਉਹ ਸਿਖ ਇਕ ਵਾਹਿਗੁਰੂ ਵਿਚ ਮਿਲ ਕੇ ਵਾਹਿਗੁਰੂ ਰੂਪ ਹੋ ਜਾਂਦਾ ਹੈ। ਪ੍ਰਭੂ ਨਾਲ ਇਕ-ਮਿਕ ਹੋ ਕੇ, 'ਓਹੀ' 'ਓਹੀ' 'ਵਾਹਿਗੁਰੂ' 'ਵਾਹਿਗੁਰੂ' ਕਰਦਾ, ਪ੍ਰਭੂ-ਜੋਤੀ ਤੋਂ (ਅੰਤਰ-ਆਤਮੇ) ਨਾਮ-ਜੋਤੀ ਦਾ ਦੀਵਾ ਜਗਾ ਲੈਂਦਾ ਹੈ।੯੬।

**ਸਤਿਗੁਰ ਚਰਨ ਸਰਨਿ ਚਲਿ ਜਾਇ ਸਿਖ,**
**ਤਾ ਚਰਨ ਸਰਨਿ ਜਗਤੁ ਚਲਿ ਆਵਈ॥**


www.AKJ.Org

ਸਤਿਗੁਰ ਆਗਿਆ ਸਤਿ ਸਤਿ ਕਰਿ ਮਾਨੈ ਸਿਖ,
ਆਗਿਆ ਤਾਹਿ ਸਕਲ ਸੰਸਾਰਹਿ ਹਿਤਾਵਈ ॥
ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ,
ਸਰਬ ਨਿਧਾਨ ਅਗ੍ਰਭਾਗ ਲਿਵ ਲਾਵਈ ॥
ਸਤਿਗੁਰ ਸੀਖਿਆ ਦੀਖਿਆ ਹਿਰਦੈ ਪ੍ਰਵੇਸ ਜਾਹਿ,
ਤਾ ਕੀ ਸੀਖ ਸੁਨਤ ਪਰਮ ਪਦ ਪਾਵਈ ॥੮੭॥

**ਪਦ ਅਰਥ :** ਸਤਿ ਸਤਿ ਕਰਿ–ਸਤਿ ਸਤਿ ਕਰ ਕੇ, ਪੂਰਨ ਸ਼ਰਧਾ ਭਾਵਨੀ ਨਾਲ। ਸਕਲ–ਸਾਰਾ। ਹਿਤਾਵਈ–ਪਿਆਰਦਾ। ਭਾਇ-ਪ੍ਰੇਮ ਭਾਵਨਾ ਸਹਿਤ। ਸਰਬ ਨਿਧਾਨ–ਸਾਰੇ ਖ਼ਜ਼ਾਨੇ। ਅਗ੍ਰਭਾਗ–ਸਾਹਮਣੇ, ਸਨਮੁਖ। ਦੀਖਿਆ–ਗੁਰ-ਦੀਖਿਆ, ਗੁਰ-ਮੰਤਰ। ਪ੍ਰਵੇਸ–ਨਿਵਾਸ। ਜਾਹਿ–ਜਿਸ ਦੇ। ਸੀਖ–ਸਿਖਿਆ।

**ਅਰਥ** : ਜਿਹੜਾ ਗੁਰਸਿਖ ਸਤਿਗੁਰੂ ਦੀ ਚਰਨ ਸਰਨ ਵਿਚ ਚਲ ਕੇ ਜਾਂਦਾ ਹੈ, ਸਾਰਾ ਜਗਤ ਉਸ ਦੀ ਚਰਨ ਸਰਨ ਵਿਚ ਚਲ ਕੇ ਆਉਂਦਾ ਹੈ।

ਜਿਹੜਾ ਗੁਰਸਿਖ ਸਤਿਗੁਰੂ ਦੀ ਆਗਿਆ ਪੂਰਨ ਸ਼ਰਧਾ-ਭਾਵਨਾ ਨਾਲ ਸਤਿ ਸਤਿ ਆਖ ਕੇ ਉਸ ਦਾ ਪਾਲਨਕਰਦਾ ਹੈ, ਉਸ ਦੀ ਆਗਿਆ ਸਾਰੇ ਸੰਸਾਰ ਨੂੰ ਪਿਆਰੀ ਲਗਦੀ ਹੈ।

ਜਿਹੜਾ ਗੁਰਸਿਖ ਸਤਿਗੁਰੂ ਦੀ ਸੇਵਾ ਪ੍ਰੇਮ-ਵਾਰਨੀ ਸਹਿਤ, ਪ੍ਰਾਣਾਂ ਦੀ ਬਾਜੀ ਲਾ ਕੇ, ਸੇਵਾ ਨੂੰ ਪੂਜਯ ਸਮਝ ਕੇ ਕਰਦਾ ਹੈ, ਉਸ ਦੇ ਸਨਮੁਖ ਸਾਰੇ ਖਜ਼ਾਨੇ ਲਿਵ ਲਾਈ ਖਲੋਂਦੇ ਹਨ।

ਜਿਸ ਗੁਰਸਿਖ ਦੇ ਹਿਰਦੇ ਵਿਚ ਸਤਿਗੁਰੂ ਦੀ ਸਿਖਿਆ ਅਤੇ ਦੀਖਿਆ (ਗੁਰ-ਮੰਤਰ) ਦਾ ਨਿਵਾਸ ਹੈ, ਉਸ ਗੁਰਸਿਖ ਦੀ ਸਿਖਿਆ ਸੁਣ ਕੇ ਪਰਮ ਪਦ ਪਾਈਦਾ ਹੈ।੮੭।

---

# ਬੀਬੀ ਜਸਬੀਰ ਕੌਰ ਮੋਹਾਲੀ ਦਾ ਵਿਛੋੜਾ

ਬੀਬੀ ਜਸਬੀਰ ਕੌਰ ਪੁਰਾਤਨ ਰਹਿਤਵਾਨ ਬੀਬੀਆਂ ਵਿਚੋਂ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ ਸਾਥ ਸਮਾਗਮਾਂ ਸਮੇਂ ਕੀਰਤਨ ਕਰਨ ਵਾਲੀਆਂ ਬੀਬੀਆਂ ਵਿਚੋਂ ਇਹ ਇਕ ਸੀ। ਦਾਸ ਨੂੰ ਯਾਦ ਹੈ ਕਿ ੧੯੪੮ ਦੇ ਪੋਹ ਸੁਦੀ ਸਪਤਮੀ ਦੇ ਨਾਰੰਗਵਾਲ ਸਮਾਗਮ ਸਮੇਂ ਕੋਮਲ ਜੀ ਨੇ ਸਹਿਜੇ ਹੀ ਭਾਈ ਸਾਹਿਬ ਨੂੰ ਦਸਿਆ ਕਿ ਆਪਣੇ ਛੋਟੇ ਵੀਰ ਭੁਪਿੰਦਰ ਸਿੰਘ ਨਾਲ ਇਸ ਬੀਬੀ ਦਾ ਅਨੰਦ ਕਾਰਜ ਕਰ ਦੇਣ ਦਾ ਵਿਚਾਰ ਹੈ ਤਾਂ ਭਾਈ ਸਾਹਿਬ ਨੇ ਤੁਰਤ ਉਤਰ ਦਿਤਾ, ਫਿਰ ਢਿਲ ਕਾਹਦੀ, ਹੁਣੇ ਇਸੇ ਸਮਾਗਮ ਤੇ ਇਹ ਅਨੰਦ ਕਾਰਜ ਕਰੋ। ਭਾਈ ਸਾਹਿਬ ਦੀ ਤੀਬਰ ਚਾਹਨਾ ਵੇਖ ਕੇ ਕੋਮਲ ਜੀ ਫ਼ੌਰਨ ਅੰਮ੍ਰਿਤਸਰ ਪੁਜੇ ਅਤੇ ਬੀਬੀ ਦੀ ਵੱਡੀ ਭੈਣ (ਕੋਮਲ ਜੀ ਦੀ ਸਿੰਘਣੀ) ਨੂੰ ਲੈ ਕੇ ਵਾਪਸ ਨਾਰੰਗਵਾਲ ਪੁਜੇ। ਉਸੇ ਸਮਾਗਮ ਤੇ ਰੈਣ ਸਬਾਈ ਕੀਰਤਨ ਤੋਂ ਬਾਅਦ, ਬਿਨਾਂ ਕਿਸੇ ਖ਼ਾਸ ਪੁਸ਼ਾਕ ਦੇ ਜਾਂ ਕਿਸੇ ਉਚੇਚ ਦੇ ਅਨੰਦ ਕਾਰਜ ਹੋ ਗਏ।

ਉਪਰੰਤ ਦੰਪਤੀ ਗੁਰਸਿੱਖਾਂ ਦੇ ਸੰਗ ਸਾਥ ਵਿਚਰਦਿਆਂ ਹੋਇਆਂ, ਬੀ.ਏ. ਬੀ.ਟੀ. ਹੋਣ ਕਰਕੇ, ਕਿਰਤ ਕਾਰ ਲਈ ਗੋਰਮਿੰਟ ਸਕੂਲਾਂ ਵਿਚ ਸਰਵਿਸ ਕਰਦੇ ਰਹੇ। ਮਾਨਯੋਗ ਬਾਊ ਮੱਲ ਸਿੰਘ ਜੀ ਦਾ ਇਸ ਪਰਵਾਰ ਨਾਲ ਬੜਾ ਪਿਆਰ ਸੀ, ਇਸੇ ਕਰਕੇ ਕਿੰਨਾ ਕਿੰਨਾ ਸਮਾਂ ਡਲਹੌਜ਼ੀ ਆਦਿ ਥਾਵਾਂ ਤੇ ਉਹ ਇਨ੍ਹਾਂ ਪਾਸ ਠਹਿਰਦੇ ਤੇ ਰੰਗ ਰਸ ਮਾਣਦੇ ਸਨ। ਇਉਂ ਗੁਰਸਿਖ ਸੰਗਤਾਂ ਵਿਚ ਵਿਚਰਦਿਆਂ ਭਾਣੇ ਅੰਦਰ ਦੋਵੇਂ ਸਰੀਰ ਰੋਗੀ ਹੋ ਗਏ ਤਾਂ ਸਰਵਿਸ ਤੋਂ ਪੈਨਸਨ ਲੈ ਲਈ। ਬੀਬੀ ਨੂੰ ਦਮੇ ਦੀ ਕਾਫ਼ੀ ਖੇਚਲ ਰਹਿੰਦੀ, ਪਰ ਆਖ਼ਰੀ ਸਵਾਸ ਤਕ ਮੁਹਾਲੀ ਵਿਚ ਰਹਿ ਕੇ ਪਤੀ-ਸੇਵਾ ਨੂੰ ਤਿਤੋਂ ਹਿਤੋਂ ਨਿਭਾਂਦੇ ਰਹੇ। ਗੁਰਸਿਖ ਸਤਸੰਗੀ ਦੀ ਸਿੰਘਣੀ ਦੇ ਸਮਾਗਮ ਸੰਬੰਧੀ ਪਟਿਆਲੇ ਗਏ ਅਤੇ ਉਥੇ ਹੀ ਬਾਣੀ ਦੇ ਰੰਗ ਵਿਚ ਬੀਬੀ ਜੀ ੫ ਮਾਰਚ ੯੩ ਨੂੰ ਅਜਿਹੇ ਸੁਤੇ ਕਿ ਮੁੜ ਕੇ ਨਾ ਉਠੇ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

ਅਪ੍ਰੈਲ 'ਸੂਰਾ' ਵਿਚ ਆਖ਼ਰੀ ਦਿਨਾਂ ਵਿਚ ਕਾਹਲੀ ਕਾਰਨ ਦਾਸ ਬੀਬੀ ਜੀ ਦੇ ਚਲਾਣੇ ਬਾਰੇ ਲਿਖਣਾ ਭੁਲ ਗਿਆ। ਦਾਸ ਸ਼ੇਵਾ ਸਿੰਘ

www.AKJ.Org

ਸ਼ਿਮਲੇ ਦਾ ਸਮਾਗਮ 1949

# ਪੂਰਨ ਗੁਰਸਿਖ ਦਾ ਪਹਿਲਾ ਦਰਸ਼ਨ

[ਭਾਈ ਜੋਧ ਸਿੰਘ ਜੀ, *FU-34*, ਵਿਸ਼ਾਖਾ ਐਨਕਲੇਵ ਪੀਤਮਪੁਰਾ (ਉਤਰੀ),ਦਿੱਲੀ-84]

ਦਾਸਰੇ ਲਈ ਇਹ ਪਹਿਲਾਂ ਸਮਾਗਮ ਸੀ, ਜਿਸ ਸਮੇਂ ਦਾਸਰਾ ਜਹਾਜ਼ੇ ਚੜ੍ਹਿਆ। ਕੁੱਝ ਹਫਤੇ ਕੀ ਕਹਾਂ,- ਸਾਲ ਸਦੀਆਂ ਭੀ ਕਹਾਂ ਤਾਂ ਠੀਕ ਹੈ, ਜੋ ਇਸ ਸ਼ਿਮਲੇ ਦੇ ਸਮਾਗਮ ਦੀ ਉਡੀਕ ਲਈ ਦਿਨ ਰਾਤ ਸੁਰਤੀ ਰਹੀ ਅਤੇ ਅੰਦਰੋਂ ਲਗਾਤਾਰ ਉਸ ਪੂਰਨ ਗੁਰਸਿਖ ਦੇ ਤੇ ਪੰਜਾਂ ਪਿਆਰਿਆਂ ਦੀਆਂ ਤਸਵੀਰਾਂ ਉਕਰਦਾ ਰਿਹਾ। ਬਹੁਤ ਅੱਛਾ ਹੋਇਆ ਜੋ ਭਾਈ ਨੋਹਰੀਆ ਸਿੰਘ ਜੀ ਨੇ ਘਰ ਆ ਕੇ ਦਸ ਦਿੱਤਾ ਕਿ ਦਾਸਰੇ ਦੀ ਸਿੰਘਣੀ ਨੇ ਭੀ ਨਾਲ ਹੀ ਪੇਸ਼ ਹੋਣਾ ਹੈ। ਅਤੇ ਇਹ ਜਥਾ, ਜਿਸ ਦੀ ਸਿੰਘਣੀ ਤੇ ਬੱਚੇ ਹੋਣ, ਉਸਨੂੰ ਇਕੱਲਿਆਂ ਅੰਮ੍ਰਿਤ ਪਾਨ ਨਹੀਂ ਕਰਾਉਂਦਾ। ਦਾਸ ਦੇ ਉਸ ਵਕਤ ਕੋਈ ਬੱਚਾ ਨਹੀਂ ਸੀ। ਜਦੋਂ ਪਤਾ ਲਗਾ ਕਿ ਇਕੱਲੇ ਦਾਸਰੇ ਨੂੰ ਅੰਮ੍ਰਿਤ ਨਹੀਂ ਮਿਲ ਸਕੇਗਾ ਤਾਂ ਸਿੰਘਣੀ ਭੀ ਤਿਆਰ ਹੋ ਗਈ।

## ਜਾਦੂ ਭਰੀ ਦ੍ਰਿਸ਼ਟੀ ਤੇ ਜੀਵਨ ਪਲਟਾ–

ਗੁਰਦਵਾਰਾ ਸਿੰਘ ਸਭਾ, ਕਾਰਟ ਰੋਡ ਸ਼ਿਮਲਾ ਵਿਚ ਬਾਹਰੋਂ ਆਈਆਂ ਸੰਗਤਾਂ ਆ ਜੁੜੀਆਂ ਸਨ। ਦਾਸਰਾ ਅਤੇ ਸਿੰਘਣੀ ਕੇਵਲ ਗੁਰਪੁਰਬ ਵਾਲੇ ਦਿਨ ਹੀ ਪੁੱਜੇ। ਸਵੇਰ ਦੇ ਦੀਵਾਨ ਦੀ ਸਮਾਪਤੀ ਹੋਈ। ਨਿਚਲੀ ਮੰਜ਼ਲ ਤੇ ਕੋਮਲ ਜੀ ਤੇ ਹੋਰ ਗੁਰਮੁਖ ਵੀਰ ਭੈਣਾਂ ਸਤਿਕਾਰ ਤੇ ਸ਼ਰਧਾ ਸਹਿਤ, ਸੋਨੇ ਦੀ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਪਰਸ ਰਹੀਆਂ ਸਨ। ਕੋਮਲ ਜੀ ਆਦਿ ਵੀਰਾਂ ਨੇ ਜਦ ਸਾਨੂੰ ਵੇਖਿਆ ਤਾਂ ਝਟ ਪਟ ਇਸ਼ਾਰੇ ਨਾਲ ਅੱਗੇ ਬੁਲਾ ਲਿਆ, ਜਿਥੇ ਸੋਨੇ ਦੀ ਚਿੜੀ ਬੈਰਾਗਨ ਸਹਿਤ ਸਿਧੇ ਸਾਦੇ ਪਲੰਘ ਦੇ ਉਪਰ ਬਿਰਾਜਮਾਨ ਸੀ। ਸੰਗਤਾਂ ਸ਼ਰਧਾ ਅਤੇ ਸਤਿਕਾਰ ਨਾਲ ਭਰਪੂਰ, ਦਰਸ਼ਨ ਮੇਲੇ ਕਰ ਕੇ ਗੱਦ ਗੱਦ ਹੋ ਰਹੀਆਂ ਸਨ। ਦਾਸਰਾ ਤਾਂ ਉਸ ਸੋਨੇ ਦੀ ਚਿੜੀ ਦੇ ਜਲਾਲ ਨੂੰ, ਜੋ ਅੱਗੇ ਕਦੀ ਭੀ ਨਹੀਂ ਦੇਖਿਆ ਸੀ, ਟਿਕਟਿਕੀ ਲਗਾ ਕੇ ਦੇਖ ਰ੍ਹਿਹਾ ਸੀ, ਜੁ ਪਲ ਕੁ ਮਗਰੋਂ ਨੇਤਰ ਖੋਲ੍ਹੇ ਤਾਂ ਕੋਮਲ ਜੀ ਨੇ ਬੇਨਤੀ ਕੀਤੀ, "ਬਾਪੂ ਜੀ! ਇਹ ਭਾਈ ਜੋਧ ਸਿੰਘ ਤੇ ਇਨ੍ਹਾਂ ਦੇ ਘਰੋਂ ਬੀਬੀ ਜੀ ਹਨ। ਇਨ੍ਹਾਂ ਨੇ ਜਹਾਜ਼ੇ ਚੜ੍ਹਨਾ ਹੈ ਜੀ, ਬੜੇ ਪਿਆਰ ਵਾਲੀ ਜੋੜੀ ਹੈ। ਕਿਰਪਾ ਕਰੋ ਜੀ, ਅਸੀਸਾਂ ਬਖਸ਼ੋ ਜੀ। ਗੁਰੂ ਘਰ ਵਿਖੇ ਜਨਮ ਲੈਣਾ ਹੈ।" ਕੋਮਲ ਜੀ ਨੇ ਅਜੇ ਇਹ ਸ਼ਬਦ ਪੂਰੇ ਭੀ ਨਹੀਂ ਸਨ ਕੀਤੇ ਕਿ ਇਕ ਪਾਰਸ-ਕਲਾ ਵਰਤੀ ਅਤੇ ਸਾਡੇ ਦੰਪਤੀ ਦੇ ਸੀਸ ਉਸ ਸੋਨੇ ਦੀ ਚਿੜੀ ਦੇ ਚੁੰਭਕੀ ਨੇਤਰਾਂ ਵਲ ਵੇਖਦਿਆਂ ਸਾਰ ਉਨ੍ਹਾਂ ਵੱਲ ਇਕ ਚੁੰਭਕੀ ਖਿਚ ਰਾਹੀਂ ਢਹਿ ਪਏ। ਪਰ ਉਸ ਮਹਾਨ ਵਿਅਕਤੀ ਨੇ ਸਾਡੇ ਸੀਸ ਦੋਹਾਂ ਹੱਥਾਂ ਨਾਲ ਚਰਨ ਛੂਹਣ ਤੋਂ ਪਹਿਲਾਂ ਹੀ ਬੋਚ ਲਏ ਅਤੇ ਛਾਤੀ ਨਾਲ ਇੰਜ ਲਾ ਲਏ ਜਿਵੇਂ ਮੁੱਦਤਾਂ ਤੋਂ ਜਾਣਦੇ ਹੋਣ ਅਤੇ ਗੱਜ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ਬੁਲਾਈ। ਗੁਰਬਾਣੀ ਦੀਆਂ ਕੁੱਝ ਤੁਕਾਂ ਉਚਾਰਨ ਕੀਤੀਆਂ, ਜਿਨ੍ਹਾਂ ਵਿਚੋਂ ਕੇਵਲ "ਪੂਰਬ ਕਰਮ ਅੰਕੁਰ ਜਬ ਪ੍ਰਗਟਿਓ"* ਪੰਕਤੀ ਹੀ ਯਾਦ ਹੈ। ਹੋਰ ਸੰਗਤਾਂ ਦਰਸ਼ਨ ਪਰਸਨ ਲਈ ਆਉਂਦੀਆਂ ਜਾਂਦੀਆਂ ਰਹੀਆਂ, ਦਾਸਰਾ ਟਿਕਟਿਕੀ ਲਾਈ ਲਾਗੇ ਬੈਠਾ ਸੋਨੇ ਦੀ ਚਿੜੀ ਦਾ ਜਲਾਲੀ ਚਿਹਰਾ ਦੇਖਦਾ ਹੀ ਰਿਹਾ।

## ਅੰਮ੍ਰਿਤ ਸਿੰਚਾਰ ਸਮਾਗਮ–

ਕੁੱਝ ਸਮੇਂ ਮਗਰੋਂ, ਅੰਮ੍ਰਿਤ ਅਭਿਲਾਖੀਆਂ ਲਈ ਹਾਜ਼ਰ ਹੋਣ ਦਾ ਹੁਕਮ ਆ ਗਿਆ। ਦਿਨ ਦੇ ਦੋ ਕੁ ਵਜੇ ਦਾ ਸਮਾਂ ਸੀ। ਪੰਚਾਂ ਦੀ ਸੋਧ ਸੁਧਾਈ ਹੋ ਰਹੀ ਸੀ। ਪਹਿਰੇਦਾਰ ਸਿੰਘ ਨੇ ਸਭ ਨੂੰ ਗੁਰਬਾਣੀ ਦੇ ਪਾਠ ਕਰੀ ਜਾਣ ਲਈ ਹੁਕਮ ਸੁਣਾਇਆ। ਜੇ ਕਿਸੇ ਨੂੰ ਬਾਣੀ ਕੰਠ ਨਹੀਂ ਹੈ ਤਾਂ ਵਾਹਿਗੁਰੂ ਵਾਹਿਗੁਰੂ ਕਰੀ ਜਾਓ ਅਤੇ ਸਾਵਧਾਨ ਰਹੋ। ਦੋ ਵਜੇ ਤੋਂ ਇਸ ਤਰ੍ਹਾਂ ਕਰਕੇ ਸੋਦਰੁ ਦਾ ਸਮਾਂ ਹੋ ਗਿਆ। ਸੰਗਤਾਂ ਨੇ ਰਲ ਕੇ ਪਾਠ ਕੀਤਾ ਤਾਂ

*ਗਉੜੀ ਪੂਰਬੀ ਮ: ੫, ਪੰਨਾ ੨੦੪



www.AKJ.Org

ਦਾਸਰੇ ਨੂੰ ਵਹਿਮ ਹੋ ਗਿਆ ਕਿ ਮੈਂ ਆਪਣਾ ਸੋਦਰੁ ਦਾ ਪਾਠ ਤਾਂ ਕੀਤਾ ਹੀ ਨਹੀਂ। ਅਜੇ ਤਾਈਂ ਦਾਸਰਾ ਆਪਣੀ ਰਸਨਾ ਨਾਲ ਪਾਠ ਕਰਨ ਨੂੰ ਹੀ ਪਾਠ ਕਰਨਾ ਸਮਝਦਾ ਸੀ। ਗੁਪਤ ਸੋਦਰ ਦਾ ਪਾਠ ਕੀਤਾ ਤਾਂ ਸ਼ਾਂਤੀ ਆਈ। ਉਪਰੰਤ ਹਾਜ਼ਰ ਸੰਗਤਾਂ ਨੂੰ ਲੰਗਰ ਪਾਣੀ ਉਥੇ ਹੀ ਛਕਾਇਆ ਗਿਆ। ਫਿਰ ਪਹਿਰੇਦਾਰ ਸਿੰਘ ਨੇ ਖੂਬ ਤਾੜਨ ਕਰਦੇ ਹੋਇ ਅੰਮ੍ਰਿਤ-ਅਭਿਲਾਖੀਆਂ ਨੂੰ ਪੰਜ ਕਕਾਰੀ ਰਹਿਤ ਸਹਿਤ ਸਾਵਧਾਨ ਰਹਿਣ ਲਈ ਆਖਿਆ ਤੇ ਸਭ ਨੂੰ ਹਰ ਕਿਸਮ ਦੇ ਹਾਰ ਸ਼ਿੰਗਾਰ ਤੋਂ ਵਰਜਿਆ। ਗਹਿਣੇ ਆਦਿ ਉਤਰਵਾ ਕੇ ਸਭ ਬੀਬੀਆਂ ਨੂੰ ਭੀ ਪੰਜਵਾਂ ਕਕਾਰ ਕੇਸਕੀ ਧਾਰਨ ਕਰਵਾਇਆ। ਕੇਵਲ ਪੰਜ-ਕਕਾਰੀ ਰਹਿਤ ਸਹਿਤ ਪੇਸ਼ ਹੋਣ ਦਾ ਹੁਕਮ ਸੁਣਾਇਆ। ਦਿਨ ਦੇ ਦੋ ਵਜੇ ਤੋਂ ਰਾਤ ਦੇ ਦਸ ਵਜ ਗਏ। ਪੇਸ਼ੀਆਂ ਸ਼ੁਰੂ ਹੋਈਆਂ। ਪਿਤਾ ਜੀ ਘਰ ਇਕੱਲੇ ਹੀ ਸਨ ਤੇ ਕੋਠੀ ਭੀ ਇਕੱਲੀ ਹੀ ਸੀ, ਆਸੇ ਪਾਸੇ ਕੋਈ ਮਕਾਨ ਨਹੀਂ ਸੀ। ਐਸੇ ਬਿਸਮਾਦੀ ਰੰਗ ਬੱਝੇ ਕਿ ਸੁਨੇਹਾ ਦੇਣਾ ਭੀ ਭੁਲ ਗਏ ਕਿ ਕਿਉਂ ਦਿਨੇ ਦਿਨੇ ਘਰ ਵਾਪਸ ਨਹੀਂ ਪੁੱਜੇ। ਸਾਨੂੰ ਤਾਂ ਇਹੀ ਪਤਾ ਸੀ ਕਿ ਅੰਮ੍ਰਿਤ ਸਿੰਚਾਰ ਦੋ ਤਿੰਨ ਘੰਟਿਆਂ ਵਿਚ ਹੋ ਜਾਂਦਾ ਹੈ। ਇਹ ਰੈਣ ਸਬਾਈ ਤੇ ਅੰਮ੍ਰਿਤ ਵੇਲੇ ਤਕ ਅੰਮ੍ਰਿਤ ਸਿੰਚਾਰ ਦਾ ਪਤਾ ਹੀ ਨਹੀਂ ਸੀ ਕਿ ੧੫-੧੬ ਘੰਟੇ ਲੱਗ ਜਾਣਗੇ।

ਦਾਸਰਾ ਤਾਂ ਭਾਈ ਸਾਹਿਬ ਜੀ ਦੇ ਪਹਿਲੇ ਦਰਸ਼ਨਾਂ ਵੇਲੇ ਤੋਂ ਹੀ ਉਨ੍ਹਾਂ ਦੇ ਨੇਤਰਾਂ ਵਿਚਲੀ ਖਿੱਚ ਜਾਂ ਮੈਸਮਰੇਜ਼ੀ ਸ਼ਕਤੀ ਨਾਲ ਘਾਇਲ ਤੇ ਬਿਸਮਾਦ ਹੋ ਚੁੱਕਾ ਸੀ ਤੇ ਸਿੰਘਣੀ ਦੀਆਂ ਅੱਖਾਂ ਭੀ ਬੜੀ ਚਮਕੀਲੀਆਂ ਦਿਸ ਰਹੀਆਂ ਸਨ।

**ਪੰਚਾਂ ਦਾ ਪਹਿਲਾ ਦਰਸ਼ਨ—**

ਜਦੋਂ ਪੰਚਾਂ ਕੋਲ ਪੇਸ਼ੀ ਲਈ ਅੰਮ੍ਰਿਤ ਸਿੰਚਾਰ-ਸਥਾਨ ਵੜਿਆ ਤਾਂ ਸੁੰਨ ਮੁੰਨ ਜਿਹਾ ਹੋ ਗਿਆ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੋਂ ਕੁਝ ਰੌਸ਼ਨੀ ਹੋਈ ਤੇ ਝੌਲਾ ਜਿਹਾ ਪਿਆ, ਜਿਵੇਂ ਕਿਸੇ ਸ਼ੀਸ਼ੇ ਪਿੱਛੇ ਪਰਛਾਵਾਂ ਦਿਸਿਆ, ਜੋ ਆਮ ਤਸੱਵਰੀ ਤਸਵੀਰਾਂ ਵਿਚ ਸੱਜਾ ਗੋਡਾ ਖੜਾ ਕਰ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਹੁੰਦੇ ਹਨ। ਬਸ ਉਹੀ ਕਲਾ ਵਰਤੀ ਜੋ ਸੋਨੇ ਦੀ ਚਿੜੀ ਦੇ ਪਹਿਲੇ ਪਹਿਲ ਦਰਸ਼ਨ ਸਮੇਂ ਵਰਤੀ ਸੀ। ਬੇਹਬਲ ਹੋਇਆ ਸਰੀਰ ਗੁਰ-ਚਰਨਾਂ ਤੇ ਢਹਿ ਪਿਆ ਅਤੇ ਸਾਵਧਾਨ ਹੋ ਕੇ ਗੁਰੂ ਦਾ ਹੁਕਮ ਸੁਣਨ ਲਈ ਕੰਬਦਾ ਕੰਬਦਾ ਖੜਾ ਹੋ ਗਿਆ। ਉਸ ਵੇਲੇ ਪੰਚਾਂ ਵਿਚ ਦੋ ਸਿੰਘ ਸਾਹਿਬਾਨ ਸ਼ਿਮਲਾ ਨਿਵਾਸੀ ਭਾਈ ਮੱਖਣ ਸਿੰਘ ਜੀ ਅਤੇ ਭਾਈ ਹਰਨਾਮ ਸਿੰਘ ਜੀ (ਕੋਮਲ ਜੀ) ਦੀ ਪਛਾਣ ਦਾਸ ਨੂੰ ਸੀ। ਪੰਚਾਂ ਦੇ ਸ਼ੁਭ ਨਾਮ ਜ ਜਹਾਜੇ ਚੜ੍ਹਨ ਤੋਂ ਬਾਅਦ ਪਤਾ ਲੱਗੇ ਉਹ ਹੇਠ ਲਿਖੇ ਸਨ :—

ਭਾਈ ਮੱਲ ਸਿੰਘ ਜੀ (ਜਥੇਦਾਰ), ਭਾਈ ਜਵਾਲਾ ਸਿੰਘ ਜੀ (ਸੰਤ ਜੀ), ਭਾਈ ਆਤਮਾ ਸਿੰਘ ਜੀ (ਪੰਜੋਖਰੇ ਵਾਲੇ), ਭਾਈ ਦਲੀਪ ਸਿੰਘ ਜੀ (ਮਾਸਟਰ ਜੀ), ਭਾਈ ਹਰਨਾਮ ਸਿੰਘ ਜੀ (ਕੋਮਲ ਜੀ), ਭਾਈ ਮੱਖਣ ਸਿੰਘ ਜੀ (ਸ਼ਿਮਲੇ ਵਾਲੇ)।

ਭਾਈ ਦਰਸ਼ਨ ਸਿੰਘ ਜੀ "ਗੜਰਾਜ" ਬਹੁਤ ਗੱਜ ਕੇ ਵਾਹਿਗੁਰੂ ਦਾ ਉਚਾਰਨ ਕਰਦੇ ਸਨ, ਇਸ ਕਰਕੇ ਇਨ੍ਹਾਂ ਨੂੰ ਗੜਗਜ ਕਰਕੇ ਬੁਲਾਂਦੇ ਸਨ, ਉਹ ਪਹਿਰੇਦਾਰ ਦੀ ਸੇਵਾ ਨਿਭਾ ਰਹੇ ਸਨ। ਭਾਈ ਮੇਵਾ ਸਿੰਘ ਜੀ ਅਤੇ ਕੁਝ ਹੋਰ ਪੁਰਾਤਨ ਸਿੰਘ ਦੇਗ ਆਦਿ ਦੀ ਸੇਵਾ ਤੇ ਤਤਪਰ ਸਨ।

**ਅੰਮ੍ਰਿਤ ਸਿੰਚਾਰ ਸਮਾਗਮ ਦੀ ਮਹਾ ਗੁਪਤ ਮਰਯਾਦਾ—**

ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਦੇ ਹਾਲ ਦੇ ਨਿਚਲੇ ਕਮਰੇ ਵਿਚ ਇਹ ਸਮਾਗਮ ਹੋਇਆ। ਹਾਲ ਵਿਚ ਰੈਣ ਸਬਾਈ ਕੀਰਤਨ ਹੋਇਆ। ਇਹ ਕਮਰਾ ਸਭ ਪਾਸਿਓਂ ਪੜਦਿਆਂ ਨਾਲ ਕਜਿਆ ਹੋਇਆ ਸੀ। ਕੇਵਲ ਇਕ ਦਰਵਾਜ਼ਾ ਖੁਲ੍ਹਾ ਸੀ, ਉਸ ਅਗੇ ਭੀ ਪੜਦਾ ਸੀ ਤਾਂ ਜੁ ਦਰਵਾਜ਼ਾ ਖੁਲ੍ਹੇ ਤੇ ਅੰਦਰੋਂ ਕੋਈ ਚੀਜ਼ ਨਜ਼ਰ ਨਾ ਆਵੇ। ਰੌਸ਼ਨਦਾਨਾਂ, ਖਿੜਕੀਆਂ ਤੇ ਦਰਵਾਜ਼ਿਆਂ ਨੂੰ ਪੜਦੇ ਆਦਿ ਇਸ ਤਰ੍ਹਾਂ ਲਗਾਏ ਗਏ ਸਨ ਜਿਵੇਂ ਕਿ ਇਤਰ ਦੀ ਸ਼ੀਸ਼ੀ ਨੂੰ ਬੰਦ ਕਰੀਦਾ ਹੈ ਤਾਂ ਜੁ ਮਹਿਕ ਬਾਹਰ ਨਾ ਨਿਕਲ ਜਾਏ। ਪੰਜ ਪਿਆਰਿਆਂ ਦਾ


www.AKJ.Org

ਇਹ ਮਹਾਂ ਗੁਪਤ ਤੇ ਮਹਾਂ ਉਤਮ ਸਮਾਗਮ ਸੀ ਅਤੇ ਉਹ ਵਰਦੀ ਸਹਿਤ ਬਾਹਰੋਂ ਕਿਸੇ ਦੀ ਨਜ਼ਰ ਪੈਣ ਨੂੰ ਹਉਮੈ ਦੀ ਇਕ ਨਿਸ਼ਾਨੀ ਸਮਝਦੇ ਸਨ।

ਪੰਜ ਪਿਆਰਿਆਂ ਦਾ ਜਲਾਲ ਝੱਲਿਆ ਨਾ ਜਾਵੇ। ਮੁਖਾ ਤੇ ਲਾਲੀਆਂ, ਹਸਮੁਖੀ ਚੇਹਰੇ, ਖਾਲਸਈ ਸੁਰਮਈ ਬਾਣੇ, ਇਕੋ ਜਿਹੇ ਸੁਰਮਈ ਦਸਤਾਰੇ, ਖੰਡੇ ਸਹਿਤ ਕੇਸਰੀ ਕੇਸਕੀਆਂ ਤੇ ਕੇਸਰੀ ਕਮਰਕਸੇ ਪ੍ਰਕਾਸ਼ਤ ਗੁਰਮੁਖੀ ਦਾੜ੍ਹੇ ਮੁਛਹਿਰੇ, ਨਿਸੰਗ ਤੇ ਅਨਿਕ ਤਰੰਗੀ ਨਾਮ ਅਭਿਆਸ ਰਾਹੀਂ ਜੁੜੇ ਹੋਏ, ਇਕੋ ਜਿਹੀਆਂ ਗਾਤਰੇ ਕਿਰਪਾਨਾਂ ਤੇ ਚਮਕੀਲੀਆਂ ਸਿਰੀ ਸਾਹਿੱਬਾਂ ਹੱਥਾਂ ਵਿਚ ਧਾਰਨ ਕਰ ਕੇ, ਮਿਆਨ ਕਮਰ-ਕਸਿਆਂ ਨਾਲ ਸਜਾਈ ਉਸ ਸੱਚੇ ਦਰਬਾਰ ਵਿਚ ਇੰਜ ਸੁਸ਼ੋਭਤ ਸਨ ਜਿਵੇਂ ਅਰਸ਼ਾਂ ਤੋਂ ਉੱਤਰੇ ਦੇਵਤੇ। ਨੇਤਰਾਂ ਵਿਚ ਜੋਤਿ ਦੇ ਜਲਵੇ। ਜਥੇਦਾਰ ਬਾਬੂ ਮੱਲ ਸਿੰਘ ਜੀ ਸੱਚੇ ਪਾਤਸ਼ਾਹ ਦੀ ਤਾਬੇ ਸਜੇ ਹੋਏ ਸਨ।

ਦੂਜੇ ਤੀਜੇ ਨੰਬਰ ਤੇ ਦਾਸਰੇ ਦੀ ਪੇਸ਼ੀ ਹੋਈ, ਜੋ ਇਸ ਪ੍ਰਕਾਰ ਹੈ ਸੀ :–

**ਜਥੇਦਾਰ ਜੀ**- ਕਿਉਂ ਭਾਈ, ਸੱਚੇ ਪਾਤਸ਼ਾਹ ਦੇ ਦਰਬਾਰ ਕਿਸ ਲਈ ਆਏ ਹੋ ? ਕੀ ਭੁੱਲ ਹੋਈ ਹੈ ?

**ਦਾਸਰਾ**–ਜੋ ਅੱਗੇ ਹੀ ਸੋਨੇ ਦੀ ਚਿੜੀ ਦੀਆਂ ਜਾਦੂ ਭਰੀਆਂ ਅੱਖਾਂ ਨਾਲ ਅਧਮੋਇਆ ਹੋ ਚੁੱਕਾ ਸੀ ਤੇ ਪਹਿਲੇ ਦਰਸ਼ਨਾਂ ਦੀ ਝਾਕੀ ਹੀ ਅੱਖਾਂ ਅੱਗੇ ਮੁੜ ਮੁੜ ਆਈ ਜਾਂਦੀ ਸੀ, ਹਟਾਇਆਂ ਹਟਦੀ ਨਹੀਂ ਸੀ। ਸਰੀਰ ਵਿਚ ਜਿਵੇਂ ਨੀਂਦ ਦੀ ਮਮੂਲੀ ਮਸਤੀ ਛਾਈ ਹੁੰਦੀ ਹੈ, ਪਰ ਹਲਕਾ ਫੁਲਕਾ ਮਹਿਸੂਸ ਕਰਦਾ ਸੀ। ਸੱਚੇ ਪਾਤਸ਼ਾਹ ਦੇ ਦਰਬਾਰ ਦੇ ਦਰਸ਼ਨ ਕਰਦਿਆਂ ਸਾਰ ਕੇਸਗੜ੍ਹ ਸਾਹਿਬ ਜੈਸਾ ਪ੍ਰਤੀਤ ਹੋਇਆ।

ਕੁੱਝ ਉਤਰ ਨ ਬਣਿਆ ਤਾਂ ਜਥੇਦਾਰ ਜੀ ਬੋਲੇ–

**ਜ: ਜੀ**–ਕੀ ਅੰਮ੍ਰਿਤ ਪਾਨ ਕਰਨ ਆਏ ਹੋ ? **ਦਾਸਰਾ**–ਹਾਂ ਜੀ, ਸੱਚੇ ਪਾਤਸ਼ਾਹ।

**ਜ. ਜੀ**–ਪਹਿਲਾਂ ਕਿਥੋਂ ਅੰਮ੍ਰਿਤ ਛਕਿਆ ਸੀ ? ਕੀ ਭੁਲ ਹੋਈ ਹੈ ? ਕੋਈ ਕੁਰਹਿਤ ਹੋ ਗਈ ਹੈ ?

**ਦਾਸਰਾ**–(ਅਧ-ਰੋਂਦੀ ਅਵਾਜ਼ ਵਿਚ) ਸੱਚੇ ਪਾਤਸ਼ਾਹ ਜੀ, ਅਜੇ ਤਾਈਂ ਅੰਮ੍ਰਿਤ ਨਹੀਂ ਛਕਿਆ। ਬੜਾ ਪਾਪੀ ਹਾਂ, ਅਜੇ ਤਾਈਂ ਖੇਡਾਂ ਵਿਚ ਹੀ ਮਸਤ ਰਿਹਾ। ਹੁਣ ਕਿਰਪਾ ਕਰ ਕੇ ਛਕਾ ਦਿਓ ਜੀ।

ਜਥੇਦਾਰ ਜੀ ਅਤੇ ਪੰਜ ਪਿਆਰੇ–ਬੜੀ ਗੱਜਵੀਂ ਬੀਰ-ਰਸੀ ਆਵਾਜ਼ ਤੇ ਚਮਕੀਲੇ ਨੇਤਰਾਂ ਨਾਲ ਵਿੰਨ੍ਹਦੇ ਹੋਏ ਬੋਲੇ–

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੧੯॥ (੧੪੧੨)
ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ।"*

**ਜਥੇਦਾਰ ਜੀ**–ਫੇਰ ਅੰਮ੍ਰਿਤ ਛਕਣਾ ਹੈ। ਇਨ੍ਹੀਂ ਸੱਚੇ ਪਾਤਸ਼ਾਹ ਅੱਗੇ ਸੀਸ ਭੇਟ ਕਰਨਾ ਪਏਗਾ। ਕੀ ਤੁਸੀਂ ਪੰਥ ਖ਼ਾਤਰ ਲੋੜ ਪਵੇ ਤਾਂ ਸੀਸ ਗੁਰੂ ਕਾ ਸਮਝ ਕੇ ਖਾਲਸਾ ਪੰਥ ਨੂੰ ਦਿਓਗੇ ? ਰਹਿਤ ਵਿਚ ਤਿਆਰ-ਬਰ-ਤਿਆਰ ਰਹੋਗੇ ? ਸੀਸ ਗੁਰੂ ਕਾ ਸਮਝੋਗੇ ? ਤੇਰਾ ਸੀਸ ਕੱਟ ਕੇ ਗੁਰੂ ਨੂੰ ਭੇਟ ਕਰ ਦਈਏ ? ਦਾਸਰੇ ਨੂੰ ਇੰਜ ਭਾਸਿਆ ਜਿਵੇਂ ਸੱਚੀਂ ਹੀ ਮੇਰਾ ਸਿਰ ਕਟ ਦੇਣਗੇ।

**ਦਾਸਰਾ**–ਸੱਚੇ ਪਾਤਸ਼ਾਹ ਜੀ ! ਆਪ ਸਹਾਈ ਹੋਵੋ, ਦਾਸ ਆਪ ਜੀ ਦਾ ਹੁਕਮ ਮੰਨੇਗਾ ਜੀ।

**ਜ: ਜੀ**–ਤੇਰੀ ਸ਼ਾਦੀ ਹੋਈ ਹੋਈ ਹੈ ਕਿ ਨਹੀਂ ? **ਦਾਸਰਾ**–ਹਾਂ ਜੀ।

**ਜ: ਜੀ**–ਸਿੰਘਣੀ ਕਿੱਥੇ ਹੈ ? **ਦਾਸਰਾ**–ਬਾਹਰ ਹਾਜ਼ਰ ਹੈ ਜੀ।

**ਜ: ਜੀ**–ਬੁਲਾਓ। ਪਹਿਰੇਦਾਰ ਸਿੰਘ ਨੂੰ ਹੁਕਮ ਮਿਲਿਆ–ਪੇਸ਼ ਕੀਤਾ ਤੇ ਉਸ ਕੋਲੋਂ ਭੀ ਦਾਸਰੇ ਵਾਂਗ ਹੀ ਪੁਛਿਆ ਤੇ ਕੇਸਕੀ ਲਈ ਪੱਕਾ ਕਰ ਕੇ ਦੋਹਾਂ ਨੂੰ ਰਹਿਤ ਮਰਯਾਦਾ ਇਸ ਪ੍ਰਕਾਰ ਸਮਝਾਈ–

---

*ਸਲੋਕ ਮਃ ੫, ਮਾਰੂ ਵਾਰ, ੧॥੨੩, ਪੰਨਾ ੧੧੦੨


www.AKJ.Org

**ਜਥੇਦਾਰ ਜੀ**—ਧਿਆਨ ਨਾਲ ਸੁਣੋ :—

੧. ਸਿਰ ਦੀ ਚੋਟੀ ਤੋਂ ਪੈਰਾਂ ਦੇ ਅੰਗੂਠੇ ਤਾਈਂ ਜੋ ਸਰੀਰ ਤੇ ਰੋਮ ਹਨ, ਇਹ ਕੇਸ ਸਨ। ਇਨ੍ਹਾਂ ਚੋਂ ਇਕ ਭੀ ਰੋਮ ਜਾਣ ਬੁੱਝ ਕੇ ਕਿਸੇ ਭੀ ਤਰੀਕੇ ਨਾਲ ਜੁਦਾ ਕਰਨਾ ਮਹਾਂ ਪਾਪ ਹੈ ਤੇ ਚਾਰ ਬੱਜਰ ਕੁਰਹਿਤਾਂ ਵਿਚੋਂ ਇੱਕ ਬੱਜਰ ਕੁਰਹਿਤ ਹੈ। ਸਿਖ ਸਿੱਖੀ ਤੋਂ ਖ਼ਾਰਜ ਹੋ ਜਾਂਦਾ ਹੈ, ਸਿਖ ਪਤਿਤ ਹੋ ਜਾਂਦਾ ਹੈ। ਸਿਖ; ਸਿਖ ਹੀ ਨਹੀਂ ਰਹਿੰਦਾ।

੨. ਤੇਰੇ ਲਈ (ਦਾਸਰੇ ਲਈ) ਆਪਣੀ ਤਿਆਰ-ਬਰ-ਤਿਆਰ ਸਿੰਘਣੀ ਤੋਂ ਛੁਟ, ਹੋਰ ਸਭ ਇਸਤ੍ਰੀਆਂ, ਵੱਡੀਆਂ ਮਾਤਾ ਸਮਾਨ, ਬਰਾਬਰ ਦੀਆਂ ਭੈਣਾਂ ਸਮਾਨ ਤੇ ਛੋਟੀਆਂ ਧੀਆਂ ਸਮਾਨ ਹਨ। ਅਤੇ ਬੀਬੀ ਤੇਰੇ ਲਈ—ਆਪਣੇ ਪਤੀ ਤੋਂ ਸਿਵਾ—ਸੰਸਾਰ ਦੇ ਸਭ ਪੁਰਸ਼, ਵੱਡੇ ਪਿਤਾ ਸਮਾਨ, ਬਰਾਬਰ ਦੇ ਭਰਾਵਾਂ ਸਮਾਨ ਤੇ ਛੋਟੇ ਬੇਟੇ ਸਮਾਨ ਸਮਝਣੇ ਹਨ। ਨਹੀਂ ਤਾਂ ਪਤਿਤ ਗਰਦਾਨੇ ਜਾਂਦੇ ਹਨ।

ਅਸੀਂ ਸਤ ਬਚਨ ਕਰਕੇ ਮੰਨ ਲਿਆ।

੩. ਕਿਸੇ ਕਿਸਮ ਦਾ ਮਾਸ, ਅੰਡਾ, ਸ਼ਰਾਬ—ਹੋਰ ਸਭ ਨਸ਼ੇ—ਇਨ੍ਹਾਂ ਦਾ ਕਿਸੇ ਭੀ ਸ਼ਕਲ ਵਿਚ ਖਾਣਾ ਪੀਣਾ ਬਜਰ ਕੁਰਹਿਤ ਹੈ। ਇਸ ਬਜਰ ਕੁਰਹਿਤ ਕਾਰਨ ਭੀ ਸਿੱਖ ਪਤਿਤ ਗਰਦਾਨਿਆ ਜਾਂਦਾ ਹੈ।

੪. ਤਮਾਕੂ, ਸਿਗਰੇਟ, ਬੀੜੀ, ਪਾਨ ਆਦਿ ਚੀਜ਼ਾਂ ਨੂੰ ਇਸਤਿਮਾਲ ਤਾਂ ਕੀ, ਹੱਥ ਨਾਲ ਛੂਹਣਾ ਤੱਕ ਨਹੀਂ ਹੈ। ਇਨ੍ਹਾਂ ਚੀਜ਼ਾਂ ਦੇ ਸੇਵਨ ਕਰਨ ਵਾਲੇ ਦੇ ਨੇੜੇ ਨਹੀਂ ਫਟਕਣਾ। ਤਮਾਕੂ ਦੇ ਧੂਏਂ ਤੋਂ ਵੀ ਹਰ ਤਰ੍ਹਾਂ ਬਚਣਾ ਹੈ। ਇਹ ਚੌਥੀ ਬਜਰ ਕੁਰਹਿਤ ਹੈ। ਇਸ ਕਾਰਨ ਭੀ ਸਿੱਖ ਸਿੱਖੀ ਤੋਂ ਖਾਰਜ ਹੋ ਜਾਂਦਾ ਹੈ।

ਇਹ ਚਾਰੇ ਬਜਰ ਕੁਰਹਿਤਾਂ ਹਨ ਤੇ ਜੇ ਇਕ ਭੀ ਬਜਰ ਕੁਰਹਿਤ ਹੋ ਜਾਏ ਤਾਂ ਪੰਜ ਪਿਆਰਿਆਂ ਤੋਂ ਦੁਬਾਰਾ ਅੰਮ੍ਰਿਤ ਪਾਨ ਕਰਨਾ ਪੈਂਦਾ ਹੈ, ਜੋ ਤਨਖ਼ਾਹ ਲਗਾ ਕੇ ਛਕਾਇਆ ਜਾਂਦਾ ਹੈ। ਪਰ ਇਹ ਇਉਂ ਹੈ ਜਿਵੇਂ ਕਿਸੇ ਬਰਤਨ ਨੂੰ ਟਾਂਕਾ ਲਗਾ ਕੇ ਵੇਚੀਏ ਤਾਂ ਕੀਮਤ ਘਟਦੀ ਹੈ।

ਕਿਸੇ ਭੀ ਕੁਕਰਮ ਕਰਨ ਨਾਲ ਪਤਿਤ ਗਰਦਾਨੇ ਜਾਉਗੇ। ਇਹ ਸਭ ਪਾਪ ਕਰਮ ਹਨ।

ਇਕ ਵੇਰੀ ਫੇਰ ਸੁਣ ਲਵੋ। (ਇਕ ਵੇਰੀ ਫੇਰ ਉਪਰ ਲਿਖਤ ਬਜਰ ਕੁਰਹਿਤਾਂ ਸੁਣਾ ਕੇ)।

**ਜਥੇਦਾਰ ਜੀ**—ਹੁਣ ਸੁਣੋ ਛੋਟੀਆਂ ਕੁਰਹਿਤਾਂ : ਇਨ੍ਹਾਂ ਵਿਚੋਂ ਇੱਕ ਭੀ ਭੁਲ ਹੋ ਜਾਵੇ ਤਾਂ ਸਿੱਖੀ ਤੋਂ ਖਾਰਜ ਭਾਵੇਂ ਨਹੀਂ ਹੁੰਦਾ, ਪਰ ਤਨਖ਼ਾਹੀਆ ਜ਼ਰੂਰ ਗਰਦਾਨਿਆ ਜਾਂਦਾ ਹੈ ਅਤੇ ਪੰਜਾਂ ਪਿਆਰਿਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਪੇਸ਼ ਹੋ ਕੇ ਭੁੱਲ ਬਖਸ਼ਾਉਣੀ ਪੈਂਦੀ ਹੈ। ਅਤੇ ਤਨਖ਼ਾਹ ਲਗਵਾ ਕੇ ਅੰਮ੍ਰਿਤ ਦਾ ਚੂਲਾ ਦੇ ਕੇ ਤਨਖ਼ਾਹੀਆ ਬਖ਼ਸ਼ਿਆ ਜਾਂਦਾ ਹੈ। ਤੁਹਾਨੂੰ ਪਤਾ ਹੈ 'ਤਨਖ਼ਾਹ' ਕਿਸ ਨੂੰ ਕਹਿੰਦੇ ਹਨ ? ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਤਨਖ਼ਾਹੀਏ ਨੂੰ ਤਨਖ਼ਾਹ ਡੰਡ ਦੇ ਰੂਪ ਵਿਚ ਲਾਉਂਦੇ ਹਨ। ਜਿਸ ਤਰ੍ਹਾਂ ਦੀ ਕੁਰਹਿਤ ਜਾਂ ਭੁੱਲ ਹੋਵੇ, ਉਸਦੇ ਮੁਤਾਬਿਕ, ਆਤਮਿਕ, ਮਾਇਕ ਤੇ ਸਰੀਰਕ ਤਨਖ਼ਾਹਾਂ ਲਗਦੀਆਂ ਹਨ। ਭਾਵ ਨਿਤਨੇਮ ਤੋਂ ਵਾਧੂ ਗੁਰਬਾਣੀ ਦੇ ਪਾਠ ਕਰਨੇ—ਆਤਮਿਕ ਤਨਖ਼ਾਹ ਹੈ, ਦੇਗ ਤੇ ਲੰਗਰ ਦੀ ਸੇਵਾ—ਮਾਇਕ ਤਨਖਾਹ; ਅੰਮ੍ਰਿਤ ਵੇਲੇ ਉੱਠਣਾ, ਗੁਰਦਵਾਰਾ ਸਾਹਿਬ ਵਿਖੇ ਝਾੜੂ ਦੀ ਸੇਵਾ, ਜੋੜੇ ਝਾੜਨ ਦੀ ਸੇਵਾ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਤੜਕੇ ਦੋ ਵਜੇ ਇਸ਼ਨਾਨ ਕਰਨਾ ਤੇ ਸਤਸੰਗ ਕਰਨਾ, ਇਤਆਦਿ ਜੋ ਸਰੀਰ ਨੂੰ ਪਵਿੱਤਰ ਕਰਨ ਲਈ ਕਰਮ ਕਰਨੇ ਹਮ, ਇਹ ਸਭ ਸਰੀਰਕ ਤਨਖ਼ਾਹਾਂ ਹਨ।

ਜੋ ਭੀ ਤਨਖ਼ਾਹ ਲੱਗੇ ਉਸ ਨੂੰ ਦ੍ਰਿੜ੍ਹ ਚਿੱਤ ਹੋ, ਜਿਤਨੇ ਸਮੇਂ ਲਈ ਲਗੇ, ਉਤਨੇ ਸਮੇਂ ਲਈ ਬਚਨ ਪੂਰਾ ਕਰਨਾ ਜ਼ਰੂਰੀ ਹੈ। ਜੇਕਰ ਕਿਸੇ ਵਜ੍ਹਾ ਕਰਕੇ ਕੋਈ ਨਾਗ਼ਾ ਪੈ ਜਾਵੇ ਤਾਂ ਫੇਰ ਸ਼ੁਰੂ ਕਰਕੇ ਬਿਲਾ ਨਾਗ਼ਾ ਪੂਰਾ ਕਰਨਾ ਤੇ ਅਰਦਾਸ ਕਰਨੀ। ਅਰਦਾਸ ਕਰਨ ਤੋਂ ਬਾਅਦ ਤਨਖਾਹੀਆ ਤਨਖਾਹ ਤੋਂ ਸੁਰਖ਼ਰੂ ਆਪਣੇ ਆਪ ਹੋ ਜਾਂਦਾ ਹੈ। ਅਰਦਾਸ ਤੋਂ ਪਹਿਲਾਂ ਉਹ ਤਨਖ਼ਾਹੀਆ ਸੁਰਖ਼ਰੂ ਨਹੀਂ ਹੁੰਦਾ।

ਛੋਟੀਆਂ ਕੁਰਹਿਤਾਂ ਇਹ ਹਨ :—

੧. **ਕਿਰਪਾਨ**—ਇਹ ਗਾਤਰੇ ਰਖਣੀ ਹੈ। ਇਸਨੂੰ ਸਰੀਰ ਨਾਲੋਂ ਜੁਦਾ ਨਹੀਂ ਕਰਨਾ।

੨. **ਕੇਸਕੀ**—ਛੋਟੀ ਦਸਤਾਰ, ਕੇਸਾਂ ਨੂੰ ਢਕਣ ਲਈ ਕੇਸਕੀ, ਜੋ ਬੀਬੀਆਂ ਤੇ ਸਿੰਘਾਂ ਵਾਸਤੇ ਸਭ ਲਈ ਜ਼ਰੂਰੀ ਹੈ, ਇਹ ਸਰੀਰ ਤੋਂ ਕਦੀ ਜੁਦਾ ਨਹੀਂ ਕਰਨੀ।

੩. **ਕੰਘਾ**—ਕੇਸਾਂ ਦੀ ਸਫ਼ਾਈ ਲਈ ਸਵੇਰੇ ਸ਼ਾਮ ਕੇਸਾਂ ਨੂੰ ਕੰਘਾ ਕਰਨਾ ਭੀ ਜ਼ਰੂਰੀ ਹੈ, ਲਾਜ਼ਮੀ ਹੈ। ਇਹ ਹਰ ਦਮ ਕੇਸਾਂ ਨੂੰ ਸਾਫ਼ ਕਰਕੇ ਜੂੜੇ ਵਿੱਚ ਸਜਾਈ ਰਖਣਾ ਹੈ। ਇਹ ਭੀ ਸਰੀਰ ਨਾਲੋਂ ਕਦੀ ਜੁਦਾ ਨਹੀਂ ਹੋਣ ਦੇਣਾ।

੪. **ਕੜਾ**-ਇਹ ਸਰਬ ਲੋਹ ਦਾ ਹੋਣਾ ਜ਼ਰੂਰੀ ਹੈ। ਸੋਨੇ, ਚਾਂਦੀ ਆਦਿ ਹੋਰ ਕਿਸੇ ਧਾਤ ਦਾ ਕੜਾ ਪਰਵਾਨ ਨਹੀਂ ਹੈ। ਇਹ ਭੀ ਗੁੱਟ ਤੋਂ ਨਹੀਂ ਲਾਹੁਣਾ।

੫. **ਕਛਹਿਰਾ**—ਇਹ ਪੰਜਵਾਂ ਕਕਾਰ ਹੈ। ਜੋ (ਬਜਰ ਕੁਰਹਿਤ) ਪਰ-ਇਸਤ੍ਰੀ-ਗਮਨ ਜਾਂ ਪਰ-ਪੁਰਖ ਗਮਨ ਤੋਂ ਰਖਵਾਲੀ ਕਰਦਾ ਹੈ। ਇਸ ਕਕਾਰ ਦਾ ਭੀ ਸਰੀਰ ਤੋਂ ਕਦੇ ਤਿਆਗ ਨਹੀਂ ਕਰਨਾ। ਇਸ਼ਨਾਨ ਕਰਕੇ ਕਛਹਿਰਾ ਬਦਲਣ ਵੇਲੇ ਇਕ ਦਾ ਪੌਂਚਾ ਖੋਲ੍ਹਣਾ ਤੇ ਦੂਜੇ ਦਾ ਪਾਉਣਾ ਹੈ। ਇਸ ਤਰ੍ਹਾਂ ਰਹਿਤਵਾਨ ਰਹਿ ਸਕੀਦਾ ਹੈ। ਕਛਹਿਰੇ ਬਿਨਾਂ ਇਸ਼ਨਾਨ ਕਰਨਾ ਮੁਹੰਮਦੀ ਇਸ਼ਨਾਨ ਹੈ। ਕਿਸੇ ਵੀ ਕਕਾਰ ਤੋਂ ਖ਼ਾਲੀ ਹੋਣਾ ਕੁਰਹਿਤ ਹੈ ਅਤੇ ਕੁਰਹਿਤ ਕਰਨ ਵਾਲਾ ਤਨਖਾਹੀਆ ਗਰਦਾਨਿਆ ਜਾਂਦਾ ਹੈ।

**ਜਥੇਦਾਰ ਜੀ**—ਹੁਣ ਦੱਸੋ, ਇਹ ਸਭ ਕੁੱਝ ਮਨਜ਼ੂਰ ਹੈ।

ਜਿਨ੍ਹਾਂ ਨੇ ਪਹਿਲੀ ਵਾਰ ਅੰਮ੍ਰਿਤ ਪਾਨ ਕਰਨਾ ਸੀ, ਉਨ੍ਹਾਂ ਤੋਂ ਕੱਲੇ ਕੱਲੇ ਤੋਂ ਇਹ ਪ੍ਰਣ ਲਿਆ—

"ਸੱਚੇ ਪਾਤਸ਼ਾਹ ਜੀ, ਮੈਂ ਆਪਣਾ ਸੀਸ ਭੇਟ ਆਪ ਦੇ ਕਰਦਾ ਹਾਂ, ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ।"

**ਜਥੇਦਾਰ ਜੀ**—ਟੇਕੋ ਮੱਥਾ—ਅੰਮ੍ਰਿਤ ਮਿਲੇਗਾ। ਬਾਹਰ ਬੈਠੋ, ਅੱਖਾਂ ਮੀਟ ਕੇ। ਬਾਣੀ ਪੜ੍ਹੋ। ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਤੁਹਾਨੂੰ ਅੰਦਰ ਬੁਲਾਵਾਂਗੇ। ਹੁਕਮ ਮੰਨ ਕੇ ਬਾਹਰ ਆ ਗਏ ਤੇ ਬਾਣੀ ਪੜ੍ਹਦੇ ਸੁਣਦੇ ਰਹੇ।

ਰਾਤ ਦੇ ਬਾਰ੍ਹਾਂ ਕੁ ਵਜੇ ਪੇਸ਼ੀਆਂ ਸੰਪੂਰਨ ਹੋਈਆਂ। ਤੇ ਸਭ ਨੂੰ ਅੰਦਰ ਆਉਣ ਲਈ ਹੁਕਮ ਆ ਗਿਆ।

ਪਹਿਰੇਦਾਰ ਸਿੰਘ ਨੇ ਫੇਰ ਕਿਹਾ ਕਿ ਆਪਣੇ ਆਪਣੇ ਕਕਾਰਾਂ ਦੀ ਪੜਤਾਲ ਕਰ ਲਵੋ। ਜੇਕਰ ਕਿਸੇ ਨੇ ਮਦਾਨ ਜਾ ਕੇ ਸਕੇਸ਼ ਇਸ਼ਨਾਨ ਨਾ ਕੀਤਾ ਹੋਵੇ ਤਾਂ ਕਰ ਲਵੇ, ਬਿਨਾ ਸਕੇਸ਼ ਇਸ਼ਨਾਨ ਕੀਤੇ ਅੰਦਰ ਨਾ ਜਾਵੇ। ਗਹਿਣੇ, ਛਾਪਾਂ ਆਦਿ ਸਰੀਰ ਤੋਂ ਉਤਾਰ ਲਵੋ।

**ਅੰਮ੍ਰਿਤ ਦਾ ਬਾਟਾ**—ਪੰਜਾਂ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਅਰਦਾਸਾ ਸੋਧਿਆ ਤੇ ਸੱਚੇ ਪਾਤਸ਼ਾਹ ਤੋਂ ਪੰਜਾਂ ਵਿੱਚ ਆਪ ਵਰਤਣ ਲਈ ਬੇਨਤੀ ਕੀਤੀ। ਸਰਬ ਲੋਹ ਦਾ ਬਾਟਾ, ਖੰਡਾ, ਜਲ ਪਤਾਸੇ ਆਦਿ ਸਭ ਉੱਥੇ ਹੀ ਰਖੇ ਹੋਏ ਸਨ। ਇਕ ਕੰਬਲ ਸੱਚੇ ਪਾਤਸ਼ਾਹ ਦੇ ਚਰਨਾਂ ਵਿਖੇ ਵਿਛਾਇਆ ਗਿਆ—ਇਕ ਸਾਫ਼ ਸੁਨਹਿਰਾ (ਦੌਰੀ) ਉੱਪਰ ਸਰਬ ਲੋਹ ਦਾ ਬਾਟਾ ਟਿਕਾਇਆ ਗਿਆ। ਤਾਬੇ ਸਿੰਘ ਹੋਰ ਬੈਠ ਗਇਆ ਤੇ ਜਥੇਦਾਰ ਜੀ ਪੰਚਾਂ ਵਿੱਚ ਆ ਬਿਰਾਜੇ। ਸਭ ਬੀਰ-ਆਸਣ ਸਜਾ ਕੇ, ਅੱਧ ਘੇਰਾ ਬਣਾ ਕੇ ਸੱਚੇ ਪਾਤਸ਼ਾਹ ਦੇ ਸਨਮੁਖ ਸੱਜ ਗਏ। ਪੰਜਾਂ ਨੇ ਰਲ ਕੇ ਬਾਟੇ ਵਿੱਚ ਜਲ ਪਾਇਆ, ਫੇਰ ਪਤਾਸੇ। ਫੇਰ ਵਾਰੀ ਵਾਰੀ ਜਾਪੁ, ਜਪੁ, ਸੁਧਾ ਸਵੱਯੇ, ਚੌਪਈ ਤੇ ਅਨੰਦ ਸਾਹਿਬ (ਸੰਪੂਰਨ) ਪੰਜਾਂ ਬਾਣੀਆਂ ਦਾ ਪਾਠ ਇਕੱਲੇ ਇਕੱਲੇ ਨੇ ਕੀਤਾ ਤੇ ਪਾਠ ਕਰਦੇ ਪੰਚ ਨੇ ਖੰਡਾ ਸੱਜੇ ਹੱਥ ਨਾਲ ਬਾਟੇ ਦੇ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਤਾਈਂ ਫੇਰਿਆ। ਆਪਣੇ ਖੱਬੇ ਹੱਥ ਨਾਲ ਬਾਟਾ ਥੰਮੀ ਰਖਿਆ। ਬਾਕੀ ਦੇ ਚਾਰੋਂ ਪੰਚਾਂ ਨੇ ਦੋਹਾਂ ਹੱਥਾਂ ਨਾਲ ਬਾਟਾ ਥੰਮੀ ਰਖਿਆ ਤੇ ਸਭ ਨੇ ਆਪਣੀ ਦ੍ਰਿਸ਼ਟੀ ਅੰਮ੍ਰਿਤ-ਬਾਟੇ ਵਿਚ ਹੀ ਟਿਕਾਈ ਰੱਖੀ। ਬੜੀ ਇਕਾਗਰਤਾ ਨਾਲ ਪਾਠ ਪੜ੍ਹੇ ਸੁਣੇ। ਪੰਜਾਂ ਬਾਣੀਆਂ ਦੇ ਪਾਠ ਸਮਾਪਤ ਹੋਏ, ਪੰਜੋਂ ਹੀ ਇਕੱਠੇ ਬਾਟਾ ਉਠਾ ਕੇ ਖੜੇ ਹੋਏ ਅਤੇ ਖੰਡਾ ਫੇਰਦੇ ਹੀ ਜਥੇਦਾਰ ਨੇ


www.AKJ.Org

ਅਰਦਾਸਾ ਸੋਧਿਆ ਤੇ ਅੰਮ੍ਰਿਤ ਵਰਤਾਉਣ ਲਈ ਆਗਿਆ ਮੰਗੀ। ਫੇਰ ਬੀਰ ਆਸਣ ਬੈਠ ਗਏ ਤੇ ਸੱਚੇ ਪਾਤਸ਼ਾਹ ਤੋਂ ਆਗਿਆ ਲੈ ਕੇ ਅੰਮ੍ਰਿਤ-ਅਭਿਲਾਖੀ ਇਕ ਦੋ ਸਜਣਾਂ ਤੋਂ ਬਾਅਦ ਦਾਸਰੇ ਦੀ ਵਾਰੀ ਅੰਮ੍ਰਿਤ ਛਕਣ ਲਈ ਆ ਗਈ–ਇਹ ਇਕ ਨਾ ਭੁਲਣ ਵਾਲਾ ਕੌਤਕ ਹੀ ਸੀ–ਜੋ ਪਹਿਲਾਂ ਸੋਧ ਸੁਧਾਈ ਦੀ ਪੇਸ਼ੀ ਵੇਲੇ ਵਰਤਿਆ।

**ਮੈਸਮਰੇਜ਼ੀ ਸ਼ਕਤੀ** -ਦਾਸਰੇ ਦੀ ਹਾਲਤ ਤਾਂ ਉਸ ਸੋਨੇ ਦੀ ਚਿੜੀ ਦੇ ਜੋ ਦਿਨੇ ਪਹਿਲੇ ਦਰਸ਼ਨ ਹੋਏ, ਉਦੋਂ ਤੋਂ ਹੀ ਅਸਚਰਜਤਾ ਨਾਲ ਜਾਂ ਮੈਸਮਰੇਜ਼ੀ ਸ਼ਕਤੀ ਨਾਲ ਜਾਂ ਮਿਕਨਾਤੀਸੀ ਸ਼ਕਤੀ ਕਹਿ ਲਓ, ਨਾਲ ਕੁੱਝ ਕਹਿਣ ਤੋਂ ਬਾਹਰ ਸੀ। ਦਾਸਰੇ ਨੂੰ ਸੁਰਤ ਸੀ ਭੀ, ਪਰ ਨਾ ਭੀ–ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਹੋ ਕੇ ਮੱਥਾ ਟੇਕਣ ਤੋਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਖ਼ਤ ਤੇ ਪਰਤੱਖ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਰਗੇ ਬੇਹਦ ਚਮਕਦਾਰ ਚਾਨਣੇ ਵਰਗੇ ਦਰਸ਼ਨ ਹੋਏ ਤੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਕਿਸੇ ਸ਼ੀਸ਼ੇ ਪਿਛੇ ਦਸਮ ਪਾਤਸ਼ਾਹ ਬੀਰ ਆਸਣ ਜਮਾਈ ਬੈਠੇ ਹਨ। ਬੈਠਿਆਂ ਦਾ ਝੌਲਾ ਜਿਹਾ ਮਹਿਸੂਸ ਹੋਇਆ। ਮੱਥਾ ਟੇਕ ਕੇ ਅੰਮ੍ਰਿਤ ਦੇ ਚੂਲੇ ਛਕਦਾ ਗਿਆ ਤੇ ਬਿਸਮਾਦੀ ਰੰਗ ਚੜ੍ਹਦਾ ਗਿਆ। ਬੋਲ ਹੀ ਹੋਰ ਹੋ ਗਿਆ–ਉੱਚਾ ਤੇ ਗੱਜਵਾਂ। ਸੀਸ ਵਿਚ ਅੰਮ੍ਰਿਤ ਜਿੰਚਾਰਿਆ ਗਿਆ। ਪਰ ਜਦੋਂ ਨੇਤਰਾਂ ਵਿਚ ਅੰਮ੍ਰਿਤ ਦੇ ਛੱਟੇ ਪਏ ਤਾਂ ਹੱਥ ਮੁੜ ਜਿਹੇ ਰ ਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਗ੍ਹਾ ਉਹੀ ਦਸਮ ਪਾਤਸ਼ਾਹ ਬੀਰ ਆਸਣ ਤੇ ਬੈਠੇ ਦਿਸੇ। ਅੱਖਾਂ ਮਿਟ ਗਈਆਂ ਤੇ ਮੱਥਾ ਗੁਰ-ਚਰਨਾਂ ਤੇ ਟਿਕਿਆ ਰਿਹਾ। ਜਥੇਦਾਰ ਜੀ ਨੇ ਸਾਵਧਾਨ ਹੋਣ ਲਈ ਥਾਪੜਾ ਦਿੱਤਾ ਤਾਂ ਪਕੜ ਕੇ ਕਿਸੇ ਸਿੰਘ ਨੇ ਉਠਾ ਲਿਆ, ਅਖੰਡਾਕਾਰ ਅਭਿਆਸ ਜਾਰੀ ਹੋ ਗਿਆ।

**ਪੰਚਾਂ ਦਾ ਆਗਮਨ ਰੈਣ ਸਬਾਈ ਕੀਰਤਨ ਵਿਖੇ–**

ਕੁੱਝ ਘੰਟਿਆਂ ਬਾਅਦ ਸਭ ਨੇ ਅੰਮ੍ਰਿਤ ਪ੍ਰਾਪਤ ਕਰ ਲਿਆ। ਰਾਤ ਦੇ ਇਕ ਦੋ ਵਜੇ ਦੇ ਦਰਮਿਆਨ ਉਪਰ ਹਾਲ ਵਿਚ ਰੈਣ ਸਬਾਈ ਕੀਰਤਨ ਹੋ ਰਹੇ ਸਨ ਤਾਂ ਦਾਸਰੇ ਨੂੰ ਇਤਨਾ ਚੰਗੀ ਤਰ੍ਹਾਂ ਯਾਦ ਹੈ ਕਿ **ਪੰਜ ਪਿਆਰੇ ਵਰਦੀਆਂ ਉਤਾਰ ਕੇ ਹੀ ਉਪਰ ਆਏ, ਜਲੂਸ ਦੇ ਰੂਪ ਵਿਚ ਨਹੀਂ, ਸਗੋਂ** ਉਸੇ ਤਰ੍ਹਾਂ ਹੀ ਅੱਗੇ ਪਿਛੇ ਮੱਥਾ ਟੇਕ ਕੇ ਬੈਠਦੇ ਗਏ। ਦਾਸਰੇ ਨੂੰ ਪੂਰੀ ਹੋਸ਼ ਨਹੀਂ ਸੀ, ਪਰ ਜਦ ਪੂਰੀ ਹੋਸ਼ ਆਈ ਤਾਂ ਐਨ ਭਾਈ ਸਾਹਿਬ ਜੀ ਦੇ ਪਿਠ ਪਿੱਛੇ ਜਗ੍ਹਾ ਮਿਲੀ ਹੋਈ ਸੀ। ਭਾਈ ਸਾਹਿਬ ਜੀ ਦੇ ਸੀਸ ਤੇ ਸਜੇ ਚੱਕਰ ਨਾਲ ਜਦੋਂ ਦਾਸਰੇ ਦਾ ਮੱਥਾ ਪਰਸਦਾ ਸੀ ਤਾਂ ਇਕ ਅਗਹਿ ਤੇ ਅਨੋਖੀ ਛੁਹ ਪਰਤੀਤ ਹੁੰਦੀ ਸੀ–ਇਕ ਚੁੰਬਕ-ਮਈ ਖਿਚ ਪੈਂਦੀ ਸੀ। ਭਾਈ ਸਾਹਿਬ ਜੀ ਵਾਜੇ ਤੇ ਆਪ ਇਸ ਸ਼ਬਦ ਦਾ ਕੀਰਤਨ ਕਰ ਰਹੇ ਸਨ ਆਪਣੀ ਨਿਰਾਲੀ ਧੁਨੀ ਵਿਚ–"ਪੂਤਾ ਮਾਤਾ ਕੀ ਆਸੀਸ" ਉਨ੍ਹਾਂ ਦੇ ਸੀਸ ਦੀ ਹਾਲਤ ਇਸ ਤਰ੍ਹਾਂ ਸੀ ਕਿ ਅੱਖਾਂ ਭਾਵੇਂ ਮੀਟੀਆਂ ਹੋਈਆਂ ਸਨ, ਪਰ ਠੀਕ ਅਕਾਸ਼ ਵਲ ਸਨ। ਤੇ ਬੋਲ ਐਸਾ ਜਿਵੇਂ ਕੋਈ ਬੱਚਾ ਬਰੀਕ ਚੀਕ ਮਾਰਦਾ ਹੈ। ਕੁੱਝ ਸਮੇਂ ਬਾਅਦ ਦੋ ਤੋਂ ਚਾਰ ਵਜੇ ਦਰਮਿਆਨ ਅੰਮ੍ਰਿਤ ਵੇਲੇ ਉਪਰ ਹਾਲ ਵਿਚ ਬੈਠੇ ਸਾਂ ਤਾਂ ਅਖੰਡਾਕਾਰ ਅਭਿਆਸ ਜ਼ੋਰਾਂ ਨਾਲ ਸ਼ੁਰੂ ਹੋ ਗਿਆ, ਜੋ ਲਗ ਪਗ ਡੇਢ ਘੰਟੇ ਤੋਂ ਉੱਪਰ ਲਗਾਤਾਰ ਹੁੰਦਾ ਰਹਿਆ। ਅਤੇ ਪਤਾ ਨਹੀਂ ਕਿਸੇ ਨੇ ਲਾਈਟ ਆਫ਼ ਕਰ ਕੇ ਨਾਈਟ ਲਾਈਟ ਔਨ ਕਰ ਦਿੱਤੀ। ਖ਼ੂਬ 'ਵਾਹਿਗੁਰੂ' 'ਵਾਹਿਗੁਰੂ' ਦੇ ਨਾਮ ਜਪੇ ਜਪਾਏ ਗਏ। ਦਾਸਰੇ ਨੂੰ ਇੰਜ ਪ੍ਰਤੀਤ ਹੋ ਰਿਹਾ ਸੀ ਕਿ ਕੋਈ ਭੀ ਸਰੀਰ ਉੱਥੇ ਨਹੀਂ ਹੈ ਅਤੇ ਨਾ ਹੀ ਮੇਰਾ ਆਪਣਾ ਸਰੀਰ ਹੈ। ਕੇਵਲ 'ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' ਦੀ ਧੁਨੀ ਸਪੱਸ਼ਟ ਸੁਣੀ ਜਾ ਰਹੀ ਸੀ। ਐਸੀ ਅਵਸਥਾ ਹੋ ਗਈ ਕਿ ਦਾਸਰੇ ਨੂੰ ਨਾ ਆਪਣੇ ਸਰੀਰ ਦੀ ਸੋਝੀ ਰਹੀ ਨਾ ਕਿਸੇ ਹੋਰ ਸਰੀਰ ਦੀ। ਸੁਣਨ ਸੁਰਤੀ ਰਾਹੀਂ ਕੇਵਲ ਵਾਹਿਗੁਰੂ ਦੀ ਧੁਨੀ ਅਤਿ ਮਨਮੋਹਣੀ ਧੁਨੀ, ਜੋ ਲਗਾਤਾਰ ਸਰਵਨ ਕਰੀ ਜਾ ਰਹੀ ਸੀ ਅਤੇ ਐਸੀ ਮਿੱਠੀ ਚਾਲ, ਜਿਵੇਂ ਘੜੀ ਚਲ ਰਹੀ ਹੋਵੇ - ਇਕ ਸਾਰ–ਕੋਈ ਉੱਚੀ ਨੀਚੀ ਸੁਰ ਸੁਣਾਈ ਨਹੀਂ ਦਿੰਦੀ ਸੀ; ਕੋਈ ਅਗੰਮੀ ਸੁਰ ਸੀ। ਕਦੀ ਕਦੀ ਅੱਖਾਂ ਮੀਟੀਆਂ ਮੀਟੀਆਂ ਐਸੇ ਐਸੇ ਝਲਕਾਰੇ ਹਲਕੇ ਪੀਲੇ ਪੀਲੇ ਚਮਕਾਰੇ ਬੇਜ਼ਵੀ ਅਕਾਰ ਵਾਲੇ ਮਹਿਸੂਸ ਕੀਤੇ–ਕਦੀ '੧ਓ' ਜਿਵੇਂ ਬਿਜਲੀ ਵਾਲਿਆਂ ਨੇ ਲਾਈਟਾਂ ਨਾਲ ਸਜਾਇਆ ਹੁੰਦਾ ਹੈ, ਕਦੀ 'ਵਾਹਿਗੁਰੂ' ਲਿਖਿਆ ਹੋਇਆ ਮਹਿਸੂਸ ਕੀਤਾ। ਕੁੱਝ ਪਤਾ ਹੀ ਨਹੀਂ ਸੀ। ਸਰੀਰ ਦਾ ਉੱਕਾ ਹੀ ਪਤਾ ਨਹੀਂ ਸੀ। ਫੇਰ *


www.AKJ.Org

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਤੱਥਾਂ ਤੇ ਇਕ ਨਜ਼ਰ

[ਕੈਪਟਿਨ ਸਵਰਨ ਸਿੰਘ ਜੀ]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਅਸਲ ਕਾਰਨ ਬਾਰੇ ਸਿੱਖਾਂ ਵਿਚ ਬੜੀ ਦੇਰ ਤਕ ਬਹੁਤ ਭੁਲੇਖੇ ਰਹੇ ਹਨ। ਚੰਦੂ ਦੀ ਗੁਰੂ ਸਾਹਿਬ ਨਾਲ ਦੁਸ਼ਮਣੀ ਨੂੰ ਹੀ ਇਸ ਦਾ ਕਾਰਨ ਸਮਝਿਆ ਜਾਂਦਾ ਰਿਹਾ। "ਲਾਹੌਰ ਵਿਖੇ ਇਹ ਸ਼ਹਾਦਤ ਚੰਦੂ ਦੇ ਹੁਕਮ ਨਾਲ ਹੋਈ", ਇਸ ਨੂੰ ਹੀ ਪ੍ਰਚਾਰਕਾਂ, ਢਾਡੀਆਂ ਕਵੀਸ਼ਰਾਂ ਤੇ ਬਦੋਬਦੀ ਦੇ ਬਣੇ ਇਤਿਹਾਸਕਾਰਾਂ ਨੇ ਲੋਕਾਂ ਦੇ ਕੰਨਾਂ ਵਿਚ ਪਾਈ ਜਾਣ ਦਾ ਸਿਲਸਿਲਾ ਜਾਰੀ ਰਖਿਆ। ਇਸ ਸੰਬੰਧ ਵਿਚ ਮੋਹਸਨ ਫ਼ਾਨੀ ਲਿਖਤ "ਦਬਿਸਤਾਨ-ਇ-ਮਜ਼ਾਹਬ" ਤੇ ਗ਼ੁਲਾਮ ਹੁਸੈਨ ਖ਼ਾਨ ਦੀ ਸਿੱਯਰੁ-ਲ-ਮੁਤਾਖ਼ਰੀਨ" (ਦੋਵੇਂ ਹੀ ਫਾਰਸੀ ਵਿਚ) ਨੂੰ ਪ੍ਰਮਾਣੀਕ ਸਰੋਤ ਮੰਨਿਆ ਗਿਆ। ਦੋਵੇਂ ਹੀ ਬੜੀ ਵੱਡੀ ਭੁਲ ਫੈਲਾਉਣ ਦਾ ਸਬੱਬ ਬਣੇ ਹਨ। ਸ: ਕਰਮ ਸਿੰਘ ਹਿਸਟੋਰੀਅਨ ਤੇ ਡਾ: ਗੰਡਾ ਸਿੰਘ ਜੀ ਦੀਆਂ ਅਣਥੱਕ ਕੋਸ਼ਿਸ਼ਾਂ ਇਹ ਢੋਇਆ ਹੋਇਆ ਅੰਧੇਰਾ ਦੂਰ ਕਰਨ ਵਿਚ ਸਫਲ ਹੋਈਆਂ।

ਇਸ ਹੋਏ ਪਾਪ ਦੀ ਜ਼ਿੰਮੇਵਾਰੀ ਦੀ ਸੂਈ ਜਹਾਂਗੀਰ ਬਾਦਸ਼ਾਹ ਤੇ ਟਿਕਦੀ ਹੈ।

ਇਸ ਵਿਚ ਰੰਚਕ ਮਾਤ੍ਰ ਵੀ ਸ਼ੱਕ ਨਹੀਂ ਕਿ ਇਹ ਸ਼ਹਾਦਤ ਲਾਈਲੱਗ ਤੇ ਇਸਲਾਮੀ ਤੁਅਸਬ ਵਿਚ ਅੰਨ੍ਹੇ ਹੋਏ ਬਾਦਸ਼ਾਹ ਦੇ ਹੁਕਮ ਨਾਲ ਹੋਈ ਸੀ, ਜਿਵੇਂ ਕਿ ਉਹ ਆਪਣੀ ਲਿਖਤ ਵਿਚ ਮੰਨਦਾ ਹੈ :—

"ਦਰ ਗੋਬਿੰਦਵਾਲ ਕਿ ਬਰ ਕਿਨਾਰਿ ਦਰਿਆਏ ਬਿਆਹ ਵਾਕਿਆ ਅਸਤ, ਹਿੰਦੂਏ ਬੂਦ ਅਰਜਨ ਨਾਮ, ਦਰ ਲਿਬਾਸਿ-ਪੀਰੀ ਵ ਸ਼ੈਖ਼ੀ। ਚੁੰਨਾਚਿ ਬਿਸੀਆਰੇ ਅਜ਼ ਸਾਦਾ ਲੋਹਾਨਿ-ਹਨੂਦ, ਬਲਕਿ ਨਾਦਾਨ ਵ ਸਫ਼ੀਹਾਨਿ-ਇਸਲਾਮ ਰਾ, ਮੁਕੱਯਦ ਇਤਵਾਰੋ ਔਜ਼ਾਅ ਖ਼ੁਦ ਸਾਖ਼ਤਾ ਕੌਸਿ-ਪੀਰੀ ਵ ਵਲਾਇਤ ਰਾ ਬੁਲੰਦ ਆਵਾਜ਼ਹ

---

*ਜਦੋਂ ਕੀਰਤਨ ਸ਼ੁਰੂ ਹੋਇਆ, ਕੁੱਝ ਮਿੰਟਾਂ ਬਾਅਦ ਵਾਹਿਗੁਰੂ ਦੀ ਧੁਨੀ ਮਧਮ ਪੈ ਗਈ, ਪਰ ਕੀਰਤਨ ਭੀ ਸੁਣਦਾ ਰਿਹਾ। ਜਦ ਇਸ ਅਵਸਥਾ ਤੋਂ ਮੋੜਾ ਪਿਆ ਤਾਂ ਪਤਾ ਲਗਾ ਕਿ ਇਹ ਉਹੀ ਕੀਰਤਨ ਹਾਲ ਹੈ, ਸੰਗਤ ਜੁੜੀ ਹੋਈ ਹੈ। ਅਤੇ ਸਰੋਤੇ ਚੰਦ ਚਕੋਰੀ ਪ੍ਰੀਤ-ਗੀਧੇ ਰੱਜ ਮਾਣ ਰਹੇ ਹਨ। 'ਵਾਹਿਗੁਰੂ' 'ਵਾਹਿਗੁਰੂ' ਵਾਹਿਗੁਰੂ' 'ਵਾਹਿਗੁਰੂ' 'ਵਾਹਿਗੁਰੂ' .....!!!

ਭਾਈ ਸਾਹਿਬ ਜੀ, ਅਤੇ ਬਾਊ ਮੱਲ ਸਿੰਘ ਜੀ ਦਾਸਰੇ ਦੇ ਅੱਗੇ ਸਜੇ ਹੋਏ ਸਨ। ਕੁੱਝ ਕੀਰਤਨੀ ਬੀਬੀਆਂ ਕੀਰਤਨ ਕਰ ਰਹੀਆਂ ਸਨ, ਕੁੱਝ ਉਨ੍ਹਾਂ ਦੇ ਅਗੇਂ ਤੇ ਕੁੱਝ ਦਾਸਰੇ ਦੇ ਪਿਛਲੇ ਪਾਸੇ ਅਨੰਦ ਬਿਨੋਦੀ ਰੰਗਾਂ ਵਿਚ ਜੁੜੀਆਂ ਹੋਈਆਂ ਸਨ। ਦਾਸਰੇ ਨੂੰ ਪਤਾ ਨਹੀਂ ਕਿਸ ਤਰ੍ਹਾਂ ਭਾਈ ਸਾਹਿਬ ਜੀ ਦੇ ਐਨ ਪਿਠ ਪਿੱਛੇ ਜਗ੍ਹਾ ਮਿਲੀ ਹੋਈ ਸੀ। ਕਿਉਂਕਿ ਦਾਸਰੇ ਨੂੰ ਨੀਮ ਬੇਹੋਸ਼ੀ ਵਿਚ ਹੀ ਅੰਮ੍ਰਿਤ ਸਿੰਚਾਰ ਪਿਛੋਂ ਇਥੇ ਲਿਆਂਦਾ ਗਿਆ ਸੀ। ਕਦੀ ਕਦੀ ਜਦ ਭਾਈ ਸਾਹਿਬ ਜੀ ਆਪਣਾ ਸੀਸ ਪਿਛਾਹਾਂ ਨੂੰ ਮੋੜਦੇ ਸਨ ਤਾਂ ਉਨ੍ਹਾਂ ਦੀ ਦਸਤਾਰ ਤੇ ਸਜਾਇਆ ਚੱਕਰ ਦਾਸਰੇ ਦੇ ਮੱਥੇ ਤੇ ਲੱਗ ਜਾਂਦਾ ਤਾਂ ਸਾਰੇ ਸਰੀਰ ਨੂੰ ਮਿੱਠੀ ਝਰਨਾਟ ਬਿਜਲੀ ਵਾਂਗਰ ਮਹਿਸੂਸ ਹੁੰਦੀ। "ਵਾਹੁ ਵਾਹੁ ਗੁਰਸਿਖ ਧੰਨ ਹੈਂ।" ਸੱਚ ਤਾਂ ਇਹ ਹੈ ਕਿ ਉਸ ਵੇਲੇ ਦਾਸ ਨੂੰ ਸੋਝੀ ਨਹੀਂ ਸੀ ਕਿ ਇਹ ਕੀ ਰਸ ਹੈ। ਨਹੀਂ ਤਾਂ ਉਸੇ ਵੇਲੇ ਉਸ ਸੋਨੇ ਦੀ ਚਿੜੀ ਦੇ ਚਰਨ ਫੜਦਾ ਤੇ ਨਾ ਛਡਦਾ। ਪਰ ਜਦੋਂ ਸੋਝੀ ਆਈ ਤਾਂ ਸੱਚੇ ਪਾਤਸ਼ਾਹ ਨੇ ਅਪਾਰ ਕਿਰਪਾ ਕੀਤੀ, ਜੋ ਸੋਨੇ ਦੀ ਚਿੜੀ ਦੀਆਂ ਪਵਿਤਰ ਹਸਤ-ਕਮਲਾਂ ਦੀਆਂ ਕੁੱਝ ਪਾਤੀਆਂ ਪ੍ਰਾਪਤ ਹੋਈਆਂ।

ਸਵੇਰ ਸਾਰ ਕੀਰਤਨ ਰੈਣ ਸਬਾਈ ਦਾ ਭੋਗ ਪਿਆ, ਜੋ ਭਾਈ ਸਾਹਿਬ ਜੀ ਨੇ ਪੰਜ ਕੁ ਸ਼ਬਦ ਆਪ ਪੜ੍ਹ ਕੇ ਪਾਇਆ।


www.AKJ.Org

ਗਰਦਾਨੀਦਾ ਬੂਦ। ਊ ਰਾ ਗੁਰੂ ਮੀ ਗੁਫਤੰਦ। ਵ ਅਤਰਾਫ਼ੋ ਜਵਾਨਬ ਗੋਲਾਨ ਵ ਗੋਲ ਪ੍ਰਸਤਾਨ ਬਦੋ ਰਜੂਅ ਆਵੁਰਦਹ, ਇਤਕਾਦ ਤਮਾਮ ਬਾ ਊ ਇਜ਼ਹਾਰ ਮੇ ਕਰਦੰਦ। ਅਜ਼ ਸਿਹ ਚਹਾਰ ਪੁਸ਼ਤਿ-ਊ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁਦਤਹਾ ਬਖ਼ਾਤਰ ਮੇ ਗੁਜ਼ੱਸ਼ਤ ਕਿ ਈਂ ਦੁਕਾਨਿ-ਬਾਤਲ ਰਾ ਬਰ-ਤਰਫ਼ ਬਾਇਦ ਸਾਖ਼ਤ। ਯਾ ਊ ਰਾ ਦਰ ਜਿਰਗ੍ਹਾ-ਇ-ਇਸਲਾਮ ਦਰ ਯਾਬਦ ਆਵੁਰਦ। ਤਾ ਆਂਕਿ ਦਰੀਂ ਅਯਾਮ ਖ਼ੁਸਰੋ ਅਜ਼ਾਂ ਰਾਹ ਅਬੂਰ ਮੇ ਨਮੂਦ। ਈਂ ਮਰਦਮਕ ਮਜਹੂਲ ਇਰਾਦਾ ਕਰਦ ਮੁਲਾਜ਼ਮਤ ਊ ਰਾ ਦਰ ਯਾਬਦ ਦਰ ਮਨਜ਼ਲੇ ਕਿ ਜਾਓ ਮੁਕਾਮਿ-ਊ ਬੂਦ, ਖ਼ੁਸਰੋ ਰਾ ਨਜ਼ੂਲ ਉਫ਼ਤਾਦ, ਆਮਦਹ ਊ ਰਾ ਦੀਦ ਵ ਬਾਅਜ਼ਿ-ਮੁਕੱਦਮਾਤ ਫ਼ਰਾ ਯਾਫ਼ਤਾ ਬਾ ਊ ਰਸਾਨੀਦ ਵ ਬਰ ਪੇਸ਼ਾਨੀਇ-ਊ ਅੰਗੁਸ਼ਤੇ ਅਜ਼ ਜ਼ਾਫ਼ਰਾਨ ਕਿ ਬਹ ਇਸਤਿਲਾਹਿ ਹਿੰਦੂਆਂ ਕੁਸ਼ਕਹ ਗੋਇੰਦ ਕਸ਼ੀਦ ਵ ਆਂ ਰਾ ਸ਼ਗੂਨ ਮੇ ਦਾਨੰਦ।

ਚੂੰ ਈਂ ਮੁਕੱਦਮਹ ਬਸਾਅ ਜਾਹੋ ਜਲਾਲ ਮੇ ਰਸਦ ਵ ਬਤਲਾਨਿ-ਊ ਰਾ ਬਵਜਹ ਅਕਮਲ ਮੇ ਦਾਨਿਸਤਮ। ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵ ਮਿਸਾਕਨ ਵ ਮਨਾਜ਼ਲ ਵ ਫ਼ਰਜ਼ੰਦਾਨਿ-ਊ ਰਾ ਬ-ਮੁਰਤਜ਼ਾ ਖ਼ਾਨ ਇਨਾਇਤ ਨਮੂਦਮ। ਵ ਅਸਬਾਬ ਵ ਅਮਵਾਲ ਊ ਰਾ ਬਕੈਦਿ-ਜ਼ਬਤ ਅਵੁਰਦਹਾ, ਫ਼ਰਮੂਦਮ ਕਿ ਊ ਰਾ ਬਰ-ਸਿਆਸਤ ਵ ਬਯਾਸਾ ਰਸਾਨੰਦ।"੧

ਅਰਥਾਤ :—

"ਗੋਇੰਦਵਾਲ ਵਿਖੇ, ਜੋ ਕਿ ਬਿਆਹ (ਬਿਆਸ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ (ਸੰਤਾਂ ਮਹਾਤਮਾਂ) ਦੇ ਭੇਸ ਵਿਚ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਤੇ ਬੁਧੀਹੀਨ ਮੁਸਲਮਾਨਾਂ ਨੂੰ ਵੀ ਆਪਣੇ ਮਾਰਗ (ਧਾਰਮਕ ਰਹੁ-ਰੀਤ) ਦਾ ਸ਼ਰਧਾਲੂ ਬਣਾ ਕੇ ਆਪਣੀ ਵਡਿਆਈ ਤੇ ਵਾਹਿਗੁਰੂ ਨੂੰ ਪਹੁੰਚੇ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ (ਭਾਵ, ਦੁਨੀਆ ਵਿਚ ਆਪਣੀ ਬਹੁਤ ਪ੍ਰਸਿਧੀ ਕੀਤੀ ਹੋਈ ਸੀ)। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਪਖੰਡੀ ਤੇ ਪਖੰਡ ਦੇ ਪੁਜਾਰੀ ਉਸ ਪਾਸ ਆ ਕੇ ਉਸ (ਗੁਰੂ) ਉਤੇ ਪੂਰਾ ਪੂਰਾ ਸਿਦਕ ਭਰੋਸਾ ਪ੍ਰਗਟਾਉਂਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਖ਼ੂਬ ਚਲਦੀ ਆ ਰਹੀ ਸੀ। ਬੜੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ (ਗੜ੍ਹ) ਨੂੰ ਖ਼ਤਮ ਕਰਨਾ ਚਾਹੀਦਾ ਹੈ ਯਾ ਉਸ (ਗੁਰੂ ਸਾਹਿਬ) ਨੂੰ, ਇਸਲਾਮ ਮਤ ਦੇ ਘੇਰੇ ਵਿਚ ਲਿਆਉਣਾ ਚਾਹੀਦਾ ਹੈ। ਇਥੋਂ ਤਕ ਕਿ ਇਨ੍ਹਾਂ ਦਿਨਾਂ ਵਿਚ ਖ਼ੁਸਰੋ ਇਥੋਂ ਦੀ ਦਰਿਆ ਪਾਰ ਹੋਇਆ। ਇਸ ਜਾਹਲ ਤੇ ਨਖਿਧ ਆਦਮੀ (ਗੁਰੂ ਸਾਹਿਬ) ਨੇ ਇਰਾਦਾ ਕੀਤਾ ਕਿ ਸਦਾ ਉਸ ਦੇ ਪਾਸ ਰਹੇ। ਉਸ ਥਾਂ ਤੇ ਕਿ ਜਿਥੇ ਉਸਦਾ (ਗੁਰੂ ਸਾਹਿਬ ਦਾ) ਅਸਥਾਨ ਸੀ, ਖ਼ੁਸਰੋ ਨੇ ਪੜਾਉ ਕੀਤਾ। ਇਹ ਉਸਨੂੰ ਮਿਲਿਆ ਤੇ ਕਈ ਜ਼ਰੂਰੀ ਗੱਲਾਂ, ਜੋ ਪਹਿਲਾਂ ਦੀਆਂ ਮਿਥੀਆਂ ਹੋਈਆਂ ਸਨ, ਉਸਨੂੰ (ਖ਼ੁਸਰੋ ਨੂੰ) ਦਸੀਆਂ ਅਤੇ ਘੁਲੇ ਹੋਏ ਕੇਸਰ ਦੀ ਇਕ ਉਂਗਲੀ ਨਾਲ ਲਕੀਰ ਉਸਦੇ ਮੱਥੇ ਤੇ ਖਿੱਚੀ, ਜਿਸ ਨੂੰ ਕਿ ਹਿੰਦੂ ਤਿਲਕ ਕਹਿੰਦੇ ਤੇ ਇਸ ਨੂੰ ਬਹੁਤ ਚੰਗਾ ਸ਼ਗਨ ਮੰਨਦੇ ਹਨ।

ਜਦ ਇਹ ਸਭ ਹੋਈ ਵਾਪਰੀ ਮੇਰੇ ਕੰਨਾਂ ਤਕ ਪੁਜੀ, ਅੱਗੇ ਹੀ ਇਨ੍ਹਾਂ ਦੇ ਝੂਠ ਫਰੇਬ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣ ਚੁਕਾ ਸੀ, ਮੈਂ ਹੁਕਮ ਦਿਤਾ ਕਿ ਉਸ (ਗੁਰੂ) ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਟੱਬਰ ਦੇ ਜੀਆਂ ਨੂੰ ਮੁਰਤਜ਼ਾ ਖ਼ਾਨ ਨੂੰ ਬਖ਼ਸ਼ ਦਿਤਾ ਅਤੇ ਉਸ ਦਾ ਸਭ ਮਾਲ ਅਸਬਾਬ ਜੋ ਕੁਝ ਉਸ ਪਾਸ ਹੈ, ਜ਼ਬਤ ਕਰਕੇ ਹੁਕਮ ਦਿਤਾ ਕਿ ਉਸ ਨੂੰ ਡਰਾਉਣ ਧਮਕਾਉਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਮਾਰ ਮੁਕਾਉਣ।"

ਏਸੇ ਸਿਲਸਿਲੇ ਵਿਚ ਜਹਾਂਗੀਰ ਅਗੇ ਲਿਖਦਾ ਹੈ : .... ਅਤੇ ਦੂਜਿਆਂ ਦੋ ਬਾਬਤ, ਜਿਨ੍ਹਾਂ ਦਾ ਨਾਮ ਰਾਜੂ ਤੇ ਅੰਬਾ ਸੀ ਤੇ ਜਿਨ੍ਹਾਂ ਨੇ ਖ਼ਵਾਜਾ ਸਰਾ* ਦੌਲਤ ਖਾਨ ਦੀ ਸਹਾਇਤਾ ਦੀ ਓਟ ਤੇ ਧੌਂਸ ਤਹਿਤ ਬਹੁਤ

*ਉਹ ਆਦਮੀ ਜਿਸ ਦੀ ਮਰਦਮੀ ਕੱਟ ਦਿਤੀ ਗਈ ਹੋਵੇ ਤੇ ਉਹ ਜ਼ਨਾਨ-ਖ਼ਾਨੇ ਵਿਚ ਕੰਮ ਕਰਦਾ ਤੇ ਘਰ ਦੀ ਜ਼ਿੰਮੇਵਾਰੀ ਨਿਭਾਉਂਦਾ ਹੋਵੇ। ਖ਼ਵਾਜਾ ਸਰਾ ਔਰਤ ਦੇ ਬਿਲਕੁਲ ਕਾਬਲ ਨਹੀਂ ਹੁੰਦਾ। ਬਾਦਸ਼ਾਹਾਂ ਤੇ ਬੇਗਮਾਂ ਦੇ ਇਹੋ ਜਿਹੇ ਨੌਕਰ ਖਾਸ ਇਤਬਾਰੀ ਹੁੰਦੇ ਸਨ ਤੇ ਇਨ੍ਹਾਂ ਦੇ ਹੱਥ ਵਿਚ ਬਹੁਤ ਤਾਕਤ ਹੁੰਦੀ ਸੀ।

www.AKJ.Org

ਕੁਕਰਮ ਤੇ ਅਤਿਆਚਾਰ ਕੀਤੇ ਸਨ ਤੇ ਜਦ ਖੁਸਰੋ ਲਾਹੌਰ ਦੇ ਲਾਗੇ ਆ ਚੁਕਾ ਸੀ ਤਾਂ ਇਨ੍ਹਾਂ ਬਹੁਤ ਹੱਥ ਪੈਰ ਮਾਰੇ ਤੇ ਬੜੀਆਂ ਭੇੜੀਆਂ ਕਰਤੂਤਾਂ ਕੀਤੀਆਂ ਸਨ। ਮੈਂ ਹੁਕਮ ਦਿਤਾ ਕਿ ਰਾਜੂ ਨੂੰ ਤਾਂ ਫਾਂਸੀ ਤੇ ਲਟਕਾ ਦੇਣ ਤੇ ਅੰਬਾ, ਜੋ ਬਹੁਤ ਅਮੀਰ ਆਦਮੀ ਕਰਕੇ ਮਸ਼ਹੂਰ ਸੀ, ਪਾਸੋਂ ਜੁਰਮਾਨਾ ਭਰਨ। ਇਕ ਲੱਖ ਪੰਦਰਾਂ ਹਜ਼ਾਰ ਰੁਪਏ ਉਸ ਪਾਸੋਂ ਵਸੂਲ ਹੋਏ। ਇਸ ਰਕਮ ਬਾਰੇ ਮੈਂ ਹੁਕਮ ਦਿਤਾ ਕਿ ਇਸ ਨੂੰ ਤੋਪਖ਼ਾਨੇ ਤੇ ਖੈਰਾਤ ਦੇ ਕੰਮ ਵਿਚ ਖ਼ਰਚ ਕੀਤਾ ਜਾਵੇ।" (ਤੋਜ਼ਕਿ ਜਹਾਂਗੀਰੀ)

ਇਸ ਤੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਕਿਸ ਦੇ ਹੁਕਮ ਨਾਲ ਹੋਈ। ਚੰਦੂ ਨੇ ਆਪਣੀ ਦੁਸ਼ਮਣੀ ਦਾ ਗੱਚ ਤਸੀਹੇ ਦੇ ਦੇ ਕੇ ਕਢਿਆ ਹੋਵੇਗਾ। ਵੱਡਾ ਗੁਨਾਹੀ ਜਹਾਂਗੀਰ ਹੈ।

**ਜਹਾਂਗੀਰ ਦੀ ਦੁਸ਼ਮਣੀ ਦੀ ਵਜਹ–**

ਸ੍ਰੀ ਗੁਰੂ ਅਰਜਨ ਦੇਵ ਬੜੀ ਵਿਲੱਖਣ ਸ਼ਖ਼ਸੀਅਤ ਦੇ ਮਾਲਿਕ ਸਨ। ਮਿਠ-ਬੋਲੜੇ, ਸਭ ਦੇ ਮਿੱਤਰ, ਸ਼ਾਂਤੀ ਦੇ ਪੁੰਜ, ਗਿਆਨ ਦੇ ਸਾਗਰ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਤੇ ਚਲਣ ਵਾਲੇ ਨਾਨਕ ਰੂਪ ਸਨ। ਹਰ ਇਕ ਨਾਲ, ਬਿਨਾਂ ਵਿਤਕਰੇ ਪਿਆਰ। ਕਿਸੇ ਨਾਲ ਈਰਖਾ ਜਾਂ ਵੈਰ ਭਾਵ ਨਹੀਂ। ਇਨ੍ਹਾਂ ਦੇ ਦਰਸ਼ਨ ਕਰ ਕੇ ਆਉਣ ਵਾਲੇ ਗਦ ਗਦ ਹੋ ਜਾਂਦੇ ਤੇ ਇਨ੍ਹਾਂ ਦੇ ਹੀ ਹੋ ਕੇ ਰਹਿ ਜਾਂਦੇ। ਉਨ੍ਹਾਂ ਦੇ ਧਾਰਮਿਕ ਪ੍ਰਚਾਰ ਦੇ ਕਾਰਨ ਲੋਕ ਦਿਨੋ ਦਿਨ ਧੜਾ ਧੜ ਸਿਖ ਬਣੇ ਜਾਣ ਕਰਕੇ ਜਹਾਂਗੀਰ ਬਾਦਸ਼ਾਹ ਦਾ ਧਾਰਮਿਕ ਤੁਅਸਬ ਇਹ ਜਰ ਨਾ ਸਕਿਆ। ਵਧ ਰਹੀ ਸਿੱਖੀ ਲਹਿਰ ਤੇ ਇਸ ਦੀ ਤਾਕਤ ਵਿਚੋਂ ਉਸਨੂੰ ਰਾਜਸੀ ਖ਼ਤਰਾ ਭਾਸਿਆ। ਇਹੋ ਹੀ ਉਸ ਦੀ ਦੁਸ਼ਮਣੀ ਦਾ ਅਸਲ ਕਾਰਨ ਸੀ। ਉਹ ਇਸ ਲਹਿਰ ਦਾ ਸੋਮਾ ਹੀ ਖ਼ਤਮ ਕਰ ਦੇਣਾ ਚਾਹੁੰਦਾ ਸੀ।

ਤਖ਼ਤ ਉਤੇ ਬੈਠਣ ਸਮੇਂ ਜਹਾਂਗੀਰ ਦੀ ਉਮਰ ੩੮ ਸਾਲ ਦੀ ਸੀ। ਪਿਛੋਂ ਵਡੀ ਉਮਰੇ ਭਾਵੇਂ ਜ਼ਰਾ ਖੁਲ੍ਹਦਿਲਾ ਤੇ ਜੇਰੇ ਵਾਲਾ ਹੋ ਗਿਆ ਸੀ, ਪਰ ਚੜ੍ਹਦੀ ਉਮਰ ਤੋਂ ੪੦ ਕੁ ਸਾਲ ਦੀ ਉਮਰ ਤਕ ਇਹ ਪਰਲੇ ਦਰਜੇ ਦਾ ਤੁਅਸਬੀ ਮੁਸਲਮਾਨ ਸੀ। ਇਸ ਦੇ ਤੁਅਸਬ ਤੇ ਕੱਟੜਪੁਣੇ ਲਈ ਇਸ ਦੀ ਆਪਣੀ ਲਿਖਤ ਹੀ ਗਵਾਹ ਹੈ। ਇਸਲਾਮ ਤੋਂ ਬਿਨਾਂ ਇਹ ਦੂਸਰੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਬਿਲਕੁਲ ਚੰਗਾ ਨਹੀਂ ਸੀ ਸਮਝਦਾ ਜਾਪਦਾ, ਕਿਉਂਕਿ ਦੂਸਰੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਗਾਲ੍ਹੀਆਂ ਕਢਣੋਂ ਵੀ ਨਹੀਂ ਸੰਗਦਾ, ਜੋ ਏਡੇ ਵੱਡੇ ਬਾਦਸ਼ਾਹ ਨੂੰ ਸੋਭਾ ਨਹੀਂ ਦੇਂਦਾ। ਇਸ ਦੇ ਮਨ ਵਿਚ ਇਹ ਤੀਬਰ ਲਾਲਸਾ ਸੀ ਕਿ ਦੂਜੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਡਰਾ ਧਮਕਾ ਜਾਂ ਲਾਲਚ ਦੇ ਕੇ ਮੁਸਲਮਾਨ ਬਣਾ ਲਿਆ ਜਾਵੇ। ਸਿਖ ਧਰਮ ਬਾਰੇ ਉਹ ਸੁਣ ਚੁਕਿਆ ਸੀ ਤੇ ਉਹ ਇਹ ਨਹੀਂ ਸੀ ਚਾਹੁੰਦਾ ਕਿ ਪਵਿਤਰ ਤੇ ਵਡਿਆਈ ਵਾਲੀਆਂ ਮਹਾਨ ਹਸਤੀਆਂ ਇਸਲਾਮ ਤੋਂ ਬਿਨਾਂ ਹੋਰ ਵੀ ਕਿਸੇ ਧਰਮ ਵਿਚ ਹੋਣ। ਜਿਵੇਂ ਕਿ ਉਸਦੀ ਲਿਖਤ ਵਿਚੋਂ ਸਪੱਸ਼ਟ ਹੈ। ਉਹ ਪੰਚਮ ਨਾਨਕ, ਗੁਰੂ ਅਰਜਨ ਦੇਵ ਜੀ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣ ਦੀ ਮਨ ਵਿਚ ਪੱਕੀ ਗੰਢ ਦੇਈ ਬੈਠਾ ਸੀ, ਪਰ ਉਸ ਨੂੰ ਕੋਈ ਢੁਕਵਾਂ ਮੌਕਾ ਹੱਥ ਨਹੀਂ ਸੀ ਆਉਂਦਾ ਦਿਸਦਾ। ਉਸ ਦੇ ਦਿਲ ਦੀ ਖ਼ਾਹਿਸ਼ ਸੀ ਕਿ ਗੁਰੂ ਸਾਹਿਬ ਜਿਹੀ ਪਾਕ ਪਵਿਤਰ ਤੇ ਸਮੇਂ ਦੀ ਅਜ਼ੀਮ ਹਸਤੀ ਨੂੰ ਮੁਸਲਮਾਨ ਬਣਾ ਕੇ ਇਸਲਾਮ ਦੀ ਵਡਿਆਈ ਵਿਚ ਵਾਧਾ ਕੀਤਾ ਜਾਵੇ, ਇਸ ਖ਼ਾਹਿਸ਼ ਨੂੰ ਪੂਰਾ ਕਰਨ ਲਈ ਹਰ ਵੇਲੇ ਕਿਸੇ ਬਹਾਨੇ ਦੀ ਭਾਲ ਵਿਚ ਸੀ। ਇਹ ਮੌਕਾ ਉਸਦੇ ਆਪਣੇ ਪੁੱਤਰ ਖ਼ੁਸਰੋ ਦੀ ਬਗਾਵਤ ਨੇ ਉਸ ਦੇ ਹੱਥ ਦੇ ਦਿਤਾ। ਚੰਦੂ ਦੀ ਦੁਸ਼ਮਣੀ ਇਥੇ ਕੋਈ ਜ਼ਿਆਦਾ ਵਜ਼ਨ ਨਹੀਂ ਰਖਦੀ। ਹਾਂ ਇਹ ਮੰਨਣ ਯੋਗ ਹੈ ਕਿ ਗੁਰੂ ਘਰ ਦੇ ਦੋਖੀਆਂ, ਪ੍ਰਿਥਵੀ ਚੰਦ, ਉਸਦਾ ਪੁੱਤਰ ਮਿਹਰਬਾਨ, ਪੰਡਤਾਂ ਤੇ ਮੁਲਾਣਿਆਂ ਆਦਿ ਨਾਲ ਮਿਲ ਕੇ ਉਸ ਨੇ ਖੁਸਰੋ ਨੂੰ ਤਿਲਕ ਲਾਉਣ, ਮਾਲੀ ਸਹਾਇਤਾ ਕਰਨ ਤੇ ਉਸਦੇ ਹੱਕ ਵਿਚ ਖ਼ਾਸ ਦੁਆ ਕਰਨ ਦੀ ਸ਼ਿਕਾਇਤ ਬਾਦਸ਼ਾਹ ਨੂੰ ਕਰਨ ਸਮੇਂ ਤੇ, ਇਨ੍ਹਾਂ ਗੱਲਾਂ ਦੀ ਪੁਸ਼ਟੀ ਕਰਨ ਦਾ ਭਾਵੇਂ ਉਹ ਦੋਸ਼ੀ ਹੋਵੇ। ਗੁਰੂ ਸਾਹਿਬ ਨੂੰ ਕਤਲ ਕਰਨ ਦਾ ਹੁਕਮ ਕੇਵਲ ਬਾਦਸ਼ਾਹ ਹੀ ਦੇ ਸਕਦਾ ਸੀ। ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਤੇ ਆਪਣਾ ਗਚ ਕਢਣ ਲਈ ਉਸ ਨੇ ਤਸੀਹੇ ਦੇਣ ਦਾ ਕੁਕਰਮ ਕੀਤਾ ਹੈ।


www.AKJ.Org

ਉਸ ਵੇਲੇ ਲਾਹੌਰ ਦਾ ਹਾਕਿਮ ਕਲੀਜ ਖ਼ਾਨ ਸੀ, ਪਰ ਗੁਰੂ ਸਾਹਿਬ ਨੂੰ ਸਜ਼ਾ ਦੇਣ ਲਈ (ਕਤਲ ਕਰਨ ਲਈ) ਤੇ ਉਨ੍ਹਾਂ ਦਾ ਘਰ ਘਾਟ ਮੁਰਤਜ਼ਾ ਖਾਨ, ਜੋ ਸ਼ੇਖ ਸਿਰਹੰਦੀ ਦਾ ਚੇਲਾ ਤੇ ਗੁਰੂ ਘਰ ਦਾ ਵੱਡਾ ਦੋਖੀ ਸੀ, ਦੇ ਹਵਾਲੇ ਕੀਤਾ ਸੀ। ਇਸ ਨੂੰ ਲਾਹੌਰ ਦਾ ਗਵਰਨਰ ੧੬੧੧ ਈ: ਵਿਚ ਬਣਾਇਆ ਗਿਆ ਸੀ ਤੇ ਆਪਣੇ ਮਰਨ ਤਕ (੧੬੧੭ ਈ:) ਇਹ ਲਾਹੌਰ ਦਾ ਹਾਕਿਮ ਰਿਹਾ ਸੀ। ਚੰਦੂ ਦਾ ਵੀ ਓਦੋਂ ਹੀ ਦਾਅ ਲੱਗਾ ਜਦ ਬਾਦਸ਼ਾਹ ਨੂੰ ਗੁਰੂ ਜੀ ਦੇ ਵਿਰੁਧ ਕਾਰਵਾਈ ਕਰਨ ਦਾ ਮੌਕਾ ਮਿਲਿਆ। ਚੰਦੂ ਇਕੱਲੇ ਦੇ ਵੱਸ ਹੁੰਦਾ ਤਾਂ ਉਹ ਗੁਰੂ ਸਾਹਿਬ ਨਾਲ ਬਹੁਤ ਪਹਿਲਾਂ ਨਿੱਬੜ ਲੈਂਦਾ। ਇੰਨਾ ਲੰਮਾ ਸਮਾਂ ਉਹ ਉਡੀਕਦਾ ਨਹੀਂ ਸੀ।

ਸੋ ਚਿੱਟੇ ਦਿਨ ਵਾਂਗ ਸਾਫ ਹੈ ਕਿ ਗੁਰੂ ਸਾਹਿਬ ਦੀ ਗ੍ਰਿਫਤਾਰੀ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਬਾਦਸ਼ਾਹ ਜਹਾਂਗੀਰ ਨੇ ਆਪ ਦਿਤਾ ਹੈ ਤੇ ਉਹ ਵੀ **ਉਨ੍ਹਾਂ ਤੇ ਲਾਏ ਗਏ ਇਲਜ਼ਾਮਾਂ ਦੀ ਪੁਛ ਪੜਤਾਲ ਕੀਤੇ ਤੋਂ ਬਿਨਾਂ ਹੀ ਕਿ ਇਸ ਸਾਰੇ ਮੁਆਮਲੇ ਵਿਚ ਸਚਾਈ ਕੀ ਹੈ।**

**ਬਾਦਸ਼ਾਹ ਵਲੋਂ ਲਾਈ ਗਈ ਊਜ ਕਿੱਡੀ ਕੁ ਨਿਗਰ ਸੀ ?**

ਜ਼ਰਾ ਠੰਡੇ ਦਿਲ ਨਾਲ ਵਿਚਾਰਨ ਵਾਲੀ ਗੱਲ ਹੈ। ਖ਼ੁਸਰੋ ਨੇ ਗੋਇੰਦਵਾਲ ਦੇ ਪਤਣੋਂ ਦਰਿਆ ਪਾਰ ਕੀਤਾ ਤੇ ਇਕ ਸਾਧਾਰਨ ਯਾਤ੍ਰੀ ਵਾਂਗ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਲੰਗਰੋਂ ਪ੍ਰਸ਼ਾਦਾ ਛਕ ਕੇ ਅਗਾਂਹ ਲੰਘ ਗਿਆ ਸੀ। ਕੋਈ ਤਿਲਕ ਆਦਿ ਉਸ ਨੂੰ ਨਹੀਂ ਦਿਤਾ ਗਿਆ। ਕੋਈ ਮਾਲੀ ਸਹਾਇਤਾ ਵੀ ਨਹੀਂ ਦਿਤੀ, ਨਾ ਕੋਈ ਪਹਿਲਾਂ ਮਿਥੀ ਜਾਂ ਭੇਤ ਵਾਲੀ ਗੱਲ ਗੁਰੂ ਸਾਹਿਬ ਨੇ ਉਸ ਨੂੰ ਦਸੀ। ਜੇ ਕੋਈ ਐਸੀ ਗੱਲ ਹੁੰਦੀ ਤਾਂ ਜਹਾਂ-ਗੀਰ ਗੁਰੂ ਜੀ ਨੂੰ ਹੱਥ ਪਾਉਣ ਲਈ ਤੇ ਆਪਣਾ ਬਹਾਨਾ ਵਜ਼ਨਦਾਰ ਬਨਾਉਣ ਲਈ ਉਸਦਾ ਵੇਰਵਾ ਜ਼ਰੂਰ ਦੇਂਦਾ। ਖ਼ੁਸਰੋ ਦੀ ਜਿੱਤ ਲਈ ਕੋਈ ਖਾਸ ਦੁਆ ਵੀ ਨਹੀਂ ਕੀਤੀ ਗਈ, ਸਿਵਾਏ ਉਸ ਅਸੀਸ ਦੇ ਜੋ ਕਿ ਗੁਰੂ ਸਾਹਿਬ ਦਰਸ਼ਨ ਲਈ ਆਏ ਹਰ ਕਿਸੇ ਦਰਸ਼ਕ ਨੂੰ ਦੇਂਦੇ ਸਨ। ਗੁਰੂ ਘਰ ਧੜੇ ਪਾਲਣ ਦੇ ਰਾਹ ਤੇ ਨਹੀਂ ਸੀ ਚਲਦਾ। ਜਿਥੇ ਸਰਬੱਤ ਦੇ ਭਲੇ ਦਾ ਸਬਕ ਅਮਲੀ ਰੂਪ ਵਿਚ ਦਿਤਾ ਜਾਂਦਾ ਹੈ ਉਥੇ ਪੁੱਤ ਦਾ ਭਲਾ ਤੇ ਪਿਉ ਦਾ ਬੁਰਾ ਮੰਗਿਆ ਜਾਵੇ, ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਘਰ ਵਿਖੇ ਆਉਣ ਤੇ ਕਿਸੇ ਨੂੰ ਪਾਬੰਦੀ ਨਹੀਂ। ਇਸ ਤੋਂ ਪਹਿਲਾਂ ਜਹਾਂਗੀਰ ਦਾ ਬਾਬਾ ਹੁਮਾਯੂੰ ਵੀ ਗੁਰੂ ਅੰਗਦ ਦੇ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਜੀ ਵਲੋਂ ਵਿਸ਼ੇਸ਼ ਆਦਰ, ਜੋ ਉਹ ਚਾਹੁੰਦਾ ਸੀ, ਨਾ ਮਿਲਣ ਤੇ ਤਲਵਾਰ ਖਿਚ ਲਈ। ਪਰ ਛੇਤੀ ਆਪਣੀ ਭੁਲ ਮੰਨ ਕੇ ਮੁਆਫ਼ੀ ਮੰਗੀ। ਗੁਰੂ ਜੀ ਨੇ ਉਸ ਨੂੰ ਵੀ ਅਸੀਸ ਦਿਤੀ। ਜਹਾਂਗੀਰ ਦਾ ਬਾਪ ਅਕਬਰ ਗੁਰੂ ਅਮਰ ਦਾਸ ਜੀ ਦੇ ਹਜ਼ੂਰ ਹਾਜ਼ਰ ਹੋਇਆ, ਉਹ ਵੀ ਅਸੀਸ ਲੈ ਕੇ ਗਿਆ। ਅਕਬਰ ਗੁਰੂ ਰਾਮਦਾਸ ਜੀ ਤੇ ਫਿਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਇਆ, ਸ਼ਰਧਾ ਪੂਰਵਕ ਚਰਨ ਪਰਸੇ, ਅਸੀਸ ਲੈ ਕੇ ਗਦ ਗਦ ਹੋ ਕੇ ਗਿਆ। ਅਕਬਰ ਆਪਣੇ ਸਮੇਂ ਦੁਨੀਆ ਦਾ ਬਹੁਤ ਵੱਡਾ ਬਾਦਸ਼ਾਹ ਹੋ ਗੁਜ਼ਰਿਆ ਹੈ, ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ, ਲੰਗਰ ਵਾਸਤੇ ਕੁਝ ਪਿੰਡਾਂ ਦੀ ਜਾਗੀਰ ਭੇਟਾ ਕਰਨ ਦੀ ਇੱਛਾ ਪਰਗਟ ਕੀਤੀ, ਪਰ ਗੁਰੂ ਅਮਰ ਦਾਸ ਜੀ ਨੇ ਸਾਫ਼ ਇਨਕਾਰ ਕਰ ਦਿੱਤਾ ਕਿ ਇਹ ਗੁਰੂ ਕਾ ਲੰਗਰ ਹੈ। ਗੁਰੂ ਦੀਆਂ ਸੰਗਤਾਂ ਹੀ ਚਲਾਉਣਗੀਆਂ, ਅਕਾਲ ਪੁਰਖ ਦੀ ਰਹਿਮਤ ਨਾਲ ਇਹ ਚਲਦਾ ਹੀ ਰਹੇਗਾ। ਪਰ ਬਾਦਸ਼ਾਹ ਦੀ ਜਾਗੀਰ ਨਾਲ ਚਲਣ ਵਾਲਾ ਲੰਗਰ, ਗੁਰੂ ਕਾ ਨਹੀਂ, ਬਾਦਸ਼ਾਹ ਦਾ ਲੰਗਰ ਸਦਾਵੇਗਾ। ਕਲ੍ਹ ਦੇ ਹਾਲਾਤ ਦਾ ਕੀ ਪਤਾ, ਕੌਣ ਬਾਦਸ਼ਾਹ ਬਣਦੈ। ਕੀ ਪਤਾ ਉਹ ਜਾਗੀਰ ਰਹਿਣ ਦੇਵੇ ਜਾਂ ਜ਼ਬਤ ਕਰ ਲਵੇ। ਸੋ ਬਾਦਸ਼ਾਹੀ ਸਹਾਇਤਾ ਦੀ ਆਸ ਹੀ ਕਿਉਂ ਰਖੀ ਜਾਵੇ। ਜਿਸ ਕੁਲ ਮਾਲਿਕ ਨੇ ਲੰਗਰ ਚਲਾਉਣ ਦੀ ਸਮਰੱਥਾ ਬਖਸ਼ੀ ਹੈ ਉਸ ਨੇ ਇਸ ਵਿਚ ਆਪਣੀਆਂ ਰਹਿਮਤਾਂ ਦਾ ਵਾਧਾ ਹੀ ਕਰਨਾ ਹੈ, ਕੁਝ ਜ਼ਬਤ ਨਹੀਂ ਕਰਨਾ। ਬਾਦਸ਼ਾਹ ਨੇ ਜਦ ਇਹ ਨੁਕਤਾ ਸਮਝਿਆ ਤਾਂ ਅੱਖਾਂ 'ਚੋਂ ਦਰਿਆ ਵਹਿ ਤੁਰੇ।

ਨਿੱਕੇ ਜਿਹੇ ਇਸ਼ਾਰੇ ਤੇ ਅਕਬਰ ਕਦਮਾਂ ਤੇ ਕੀ ਕੁਝ ਭੇਟ ਕਰਨ ਨੂੰ ਤਿਆਰ ਨਹੀਂ ਸੀ, ਪਰ ਇਸ ਘਰ ਵਿਚ ਕਿਸੇ ਲਾਲਚ ਦਾ ਸਵਾਲ ਹੀ ਨਹੀਂ। ਖੁਸਰੋ ਤਾਂ ਅਜੇ ਬਾਦਸ਼ਾਹ ਨਹੀਂ ਸੀ ਬਣਿਆ, ਉਹ ਤਾਂ ਫ਼ਰਾਰੀ ਦੀ ਹਾਲਤ ਵਿਚ ਸੀ। ਜਹਾਂਗੀਰ ਤਖ਼ਤ ਦਾ ਮਾਲਿਕ ਉਸ ਪਿਛੇ ਸ਼ਿਕਾਰੀਆਂ ਵਾਂਗ ਚੜ੍ਹਿਆ ਆ ਰਿਹਾ ਸੀ। ਗੁਰੂ

ਸਾਹਿਬ ਨੂੰ ਉਸ ਤੋਂ ਕੀ ਲਾਲਚ ਹੋ ਸਕਦਾ ਸੀ। ਕਾਹਦੇ ਲਈ ਖਾਸ ਦੁਆ ਉਸ ਦੇ ਹਕ ਵਿਚ ਕਰਨੀ ਸੀ। ਕਿਸੇ ਗੁਰੂ ਸਾਹਿਬ ਨੇ ਹੁਮਾਯੂੰ ਜਾਂ ਅਕਬਰ ਨੂੰ ਤਿਲਕ ਨਹੀਂ ਦਿਤਾ। ਤਿਲਕ ਦੇਣ ਦੀ ਤਾਂ ਗੁਰੂ ਘਰ ਵਿਚ ਪਰੰਪਰਾ ਹੀ ਨਹੀਂ। ਹਰ ਇਕ ਲਈ ਅਸੀਸ ਦੀ ਬਖਸ਼ਿਸ਼ ਹੁੰਦੀ ਹੈ। ਫਿਰ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਨੂੰ ਤਿਲਕ ਦਿੱਤਾ ਹੋਵੇ, ਇਹ ਸੋਚਿਆ ਵੀ ਨਹੀਂ ਜਾ ਸਕਦਾ।

ਗੁਰੂ ਘਰ ਬਾਦਸ਼ਾਹਾਂ ਵਿਰੁਧ ਸਾਜ਼ਸ਼ਾਂ ਘੜਨ ਦਾ ਕੇਂਦਰ ਨਹੀਂ ਸੀ, ਜਿਵੇਂ ਕਿ ਸ਼ੇਖ ਅਹਿਮਦ ਸਿਰਹੰਦੀ ਨੇ ਜਹਾਂਗੀਰ ਨੂੰ ਤਖ਼ਤ ਦਿਵਾਉਣ ਲਈ ਸਾਜ਼ਿਸ਼ਾਂ ਰਚੀਆਂ। ਮੁਰਤਜ਼ਾ ਖ਼ਾਨ, ਜੋ ਅਕਬਰ ਦੀ ਫ਼ੌਜ ਦਾ ਬੜਾ ਵੱਡਾ ਅਫ਼ਸਰ ਸੀ, ਰਾਹੀਂ ਗੱਠ-ਜੋੜ ਕੀਤਾ ਕਿ ਅਕਬਰ ਜੋ ਰਾਜ ਖ਼ੁਸਰੋ ਨੂੰ ਦੇਊ ਸੀ, ਉਹ ਤਖ਼ਤ ਜਹਾਂਗੀਰ ਦੀ ਇਮਦਾਦ ਕਰ ਕੇ ਉਸ ਨੂੰ ਦਿਵਾਇਆ ਜਾਵੇਗਾ, ਇਸ ਬਦਲੇ ਜਹਾਂਗੀਰ ਤੋਂ ਭਰੋਸਾ ਲਿਆ ਕਿ ਤਖ਼ਤ ਤੇ ਬੈਠ ਕੇ ਫਲਾਣੇ ਫਲਾਣੇ ਆਦਮੀ ਨੂੰ ਉਹ ਕਤਲ ਕਰਵਾਏਗਾ। ਗੁਰੂ ਅਰਜਨ ਦੇਵ ਜੀ ਦਾ ਨਾਂ ਫ਼ਹਿਰਿਸਤ ਵਿਚ ਸਭ ਤੋਂ ਉੱਪਰ ਸੀ। ਮੀਆਂ ਮੀਰ ਦੇ ਸੂਫ਼ੀ ਮੱਤ ਦੇ ਹਾਮੀਆਂ, ਜਿਨ੍ਹਾਂ ਦਾ ਹਕੂਮਤ ਵਿਚ ਜ਼ੋਰ ਹੈ,ਨੂੰ ਤਾਕਤ ਤੋਂ ਵੱਖ ਕਰੇਗਾ। ਸਲੀਮ (ਜਹਾਂਗੀਰ) ਨੂੰ ਤੁਖਣਾ ਦੇ ਕੇ ਅਕਬਰ ਦੇ ਦਰਬਾਰ ਦਾ ਸਭ ਤੋਂ ਸਿਆਣਾ ਤੇ ਕਾਬਿਲ ਆਦਮੀ ਸ਼ੇਖ ਅਬੁਲ ਫ਼ਜ਼ਲ (ਰਤਨਾਂ ਚੋਂ ਇੱਕ) ਅਕਬਰ ਦੇ ਜੀਊਂਦਿਆਂ ਹੀ ਕਤਲ ਕਰਵਾਇਆ। ਇਹ ਤੇ ਇਸ ਦਾ ਭਰਾ ਫ਼ੈਜ਼ੀ ਇਸ ਮੁਜੱਦਦ ਅਲਫ਼ ਸਾਨੀ ਦੀ ਇਕ ਨਹੀਂ ਸਨ ਚਲਣ ਦੇਂਦੇ। ਅਕਬਰ ਦੇ ਹੁੰਦਿਆਂ ਇਹ ਸ਼ੇਖ਼ ਸਿਰਹੰਦੀ ਉਚੀ ਖੰਘਦਾ ਵੀ ਨਹੀਂ ਸੀ। ਸਾਜ਼ਿਸ਼ ਕਰ ਕੇ ਮੀਆਂ ਮੀਰ ਨੂੰ ਵੀ ਜਹਾਂਗੀਰ ਤੋਂ ਗੁਠੇ ਲੁਆਇਆ। ਇਨ੍ਹਾਂ ਤੱਥਾਂ ਨੂੰ ਸਾਹਮਣੇ ਰੱਖ ਕੇ ਵੇਖਿਆ ਜਾਵੇ ਤਾਂ ਕੌਣ ਮੰਨੇਗਾ ਕਿ ਜਹਾਂਗੀਰ ਦੇ ਵਿਰੁੱਧ ਖ਼ੁਸਰੋ ਵਲੋਂ ਕੀਤੀ ਬਗ਼ਾਵਤ ਦੀ ਸਾਜ਼ਿਸ਼ ਨਾਲ ਗੁਰੂ ਸਾਹਿਬ ਦਾ ਦੂਰ ਦਾ ਵੀ ਵਾਸਤਾ ਸੀ।

**ਜਹਾਂਗੀਰ ਦੀ ਗੁਰੂ ਸਾਹਿਬ ਨਾਲ ਦੁਸ਼ਮਣੀ ਬਾਰੇ ਕੁਝ ਹੋਰ :–**

ਜਹਾਂਗੀਰ ਜਦ ਬਾਦਸ਼ਾਹ ਬਣਿਆ ਤਾਂ ਆਪਣੇ ਬਹੁਤ ਸਾਰੇ ਕੰਮਾਂ ਵਿਚ ਆਪਣੇ ਬਾਪ ਅਕਬਰ ਦੇ ਐਨ ਉਲਟ ਚਲਿਆ। ਧਾਰਮਿਕ ਪੱਖੋਂ ਤਾਂ ਪਿਉ ਪੁਤਾਂ ਦੇ ਖ਼ਿਆਲਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਸੀ। ਅਕਬਰ ਸਾਰਿਆਂ ਧਰਮਾਂ ਨੂੰ ਚੰਗਾ ਸਮਝਦਾ ਸੀ ਤੇ ਸਾਰਿਆਂ ਦਾ ਸਤਿਕਾਰ ਕਰਦਾ ਸੀ। ਉਹ ਸਮਝਦਾ ਸੀ ਕਿ ਮੁਗ਼ਲ ਰਾਜ ਦੀ ਬੁਨਿਆਦ ਪੱਕਿਆਂ ਕਰਨ ਲਈ ਇਕ ਸੁਲਾਹ-ਕੁਲ ਰਾਹ ਅਖ਼ਤਿਆਰ ਕੀਤਾ ਜਾਵੇ, ਜਿਸ ਨਾਲ ਸਾਰੇ ਲੋਕ ਉਸ ਅਤੇ ਉਸ ਦੇ ਰਾਜ ਪ੍ਰਬੰਧ ਦੇ ਦਿਲੋਂ ਸਮਰੱਥਕ ਬਣ ਜਾਣ। ਆਪਣੇ ਵਿਚਾਰ ਅਨੁਸਾਰ ਇਕ ਨਵੇਂ ਧਰਮ ਦੀ ਨੀਂਹ ਰਖ ਕੇ ਹੁਣ ਤੱਕ ਚਲੇ ਆ ਰਹੇ ਇਸਲਾਮੀ ਤੁਅਸਬ ਨੂੰ ਪਰੇ ਦੂਰ ਹਟਾ ਕੇ ਉਸ ਨੇ ਆਮ ਲੋਕਾਂ ਨੂੰ ਖੁਸ਼ ਕਰਕੇ ਉਨ੍ਹਾਂ ਦੇ ਦਿਲ ਜਿਤਣ ਦੀ ਨੀਤੀ ਅਖ਼ਤਿਆਰ ਕੀਤੀ ਸੀ। ਅਕਬਰ ਦਾ ਦਿਲ ਖੁਲ੍ਹਾ-ਖਲਾਸਾ, ਤੁਅਸਬ ਤੋਂ ਰਹਿਤ, ਲੋਕਾਂ ਦੇ ਭਲੇ ਤੇ ਇਨਸਾਫ਼ ਨਾਲ ਲੱਬਾ-ਲੱਬ ਭਰਿਆ ਹੋਇਆ ਸੀ–ਉਸ ਨੇ ਹਿੰਦੂਆਂ ਨੂੰ ਮੋਹ ਲਿਆ ਹੋਇਆ ਸੀ। ਉਸ ਦੇ ਪਿਆਰ ਦੀ ਕਸ਼ਿਸ਼ ਹੀ ਸੀ ਕਿ ਰਾਜਪੂਤਾਂ ਨੇ ਉਸ ਦੇ ਰਾਜ ਦੀ ਵਿਸ਼ਾਲਤਾ ਤੇ ਪਕਿਆਈ ਵਾਸਤੇ ਆਪਣੀਆਂ ਜਾਨਾਂ ਹਸ ਹਸ ਵਾਰ ਦਿਤੀਆਂ। ਪਰ ਦੂਜੇ ਪਾਸੇ ਜਹਾਂਗੀਰ ਅਕਬਰ ਵਾਲੀ ਖੁਲ੍ਹ-ਦਿਲੀ ਵਿਰੁਧ ਬਿਲਕੁਲ ਤੁਅਸਬ ਦਾ ਪੁਤਲਾ ਸੀ। ਆਪਣੇ ਬਾਪ ਦੇ ਧਾਰਮਿਕ ਵਿਚਾਰਾਂ ਦੇ ਕਾਰਨ ਉਹ ਉਸ ਦਾ ਅੰਦਰੋਂ ਅੰਦਰ ਸਖਤ ਵਿਰੋਧੀ ਸੀ। ਇਸ ਦਾ ਸਬੂਤ ਇਸ ਗੱਲੋਂ ਮਿਲਦਾ ਹੈ ਕਿ ਆਪਣੇ ਬਾਪ ਵਲੋਂ ਨਵੇਂ ਚਲਾਏ ਜਾਣ ਵਾਲੇ ਧਰਮ (ਦੀਨਿ ਇਲਾਹੀ) ਦੇ ਸੰਚਾਰ ਤੇ ਪਸਾਰ ਵਿਚ ਵਿਸ਼ੇਸ਼ ਸਹਾਇਕ ਸ਼ੇਖ ਅਬੁਲ ਫ਼ਜ਼ਲ ਨੂੰ ਗਵਾਲੀਅਰ ਲਾਗੇ ਕਤਲ ਕਰਵਾ ਦਿੱਤਾ ਸੀ। ਇਤਿਹਾਸ ਇਸ ਦਾ ਵੀ ਗਵਾਹ ਹੈ ਕਿ ਅਕਬਰ ਜਹਾਂਗੀਰ ਦੀ ਥਾਂ ਉਸ ਦੇ ਲੜਕੇ ਖ਼ੁਸਰੋ, ਯਾਅਨੀ ਅਕਬਰ ਆਪਣੇ ਪੋਤਰੇ ਨੂੰ ਤਖ਼ਤ ਤੇ ਬਿਠਾਉਣਾ ਚਾਹੁੰਦਾ ਸੀ। ਇਸ ਗੱਲੋਂ ਉਹ ਆਪਣੇ ਬਾਪ ਦਾ ਅੰਦਰੋਂ ਸਖ਼ਤ ਦੁਸ਼ਮਣ ਸੀ। ਮੁਸਲਮਾਨਾਂ ਨੂੰ ਖੁਸ਼ ਕਰਕੇ ਆਪਣੇ ਹੱਕ ਵਿਚ ਕਰਨ ਲਈ ਆਪਣੇ ਆਪ ਨੂੰ ਪੱਕਾ ਮੋਮਨ ਤੇ ਗ਼ੈਰ ਮੁਸਲਮਾਨਾਂ ਦਾ ਦੁਸ਼ਮਣ ਪਰਗਟ ਕਰਨਾ ਚਾਹੁੰਦਾ ਸੀ। ਇਸ ਤੁਅਸਬ ਦੀ


www.AKJ.Org

ਤਰੇੜ ਥਾਣੀਂ ਅੰਦਰ ਲੰਘ ਕੇ ਮੁਜੱਦਦ ਅਲਫ਼ ਸਾਨੀ ਸ਼ੇਖ ਅਹਿਮਦ ਸਿਰਹੰਦੀ ਨਕਸ਼ਬੰਦੀ ਜਹਾਂਗੀਰ ਦੇ ਦਿਲ ਦਿਮਾਗ ਉਤੇ ਛਾ ਗਿਆ ਤੇ ਬਾਦਸ਼ਾਹ ਤੇ ਇਸਲਾਮੀ ਤੁਅਸਬ ਨੂੰ ਪੁਠਾਂ ਦੇ ਦੇ ਕੇ ਭਿਆਨਕ ਰੰਗ ਚੜ੍ਹਾ ਦਿੱਤਾ।

ਆਪਣੇ ਧਾਰਮਿਕ ਤੁਅਸਬ ਕਰਕੇ ਉਹ ਗੁਰੂ ਸਾਹਿਬਾਂ ਦਾ ਵੀ ਦਿਲੋਂ ਵੱਡਾ ਦੁਸ਼ਮਣ ਸੀ। ਅਕਬਰ ਗੁਰੂ ਰਾਮਦਾਸ ਦੇ ਦਰਸ਼ਨ ਕਰਨ ਆਇਆ। ਕਿੰਨੀ ਸਾਰੀ ਜ਼ਮੀਨ ਦਾ ਪਟਾ ਉਨ੍ਹਾਂ ਨੂੰ ਲਿਖ ਕੇ ਦੇ ਗਿਆ ਸੀ। ਅਕਬਰ ਜਦ ਆਖ਼ਰੀ ਵਾਰ ਪੰਜਾਬ ਵਿਚ ਆਇਆ ਤਾਂ ਕਾਲ ਪਿਆ ਹੋਇਆ ਸੀ। ਲੋਕ ਬੜੇ ਦੁਖੀ ਸਨ। ਗੁਰੂ ਅਰਜਨ ਦੇਵ ਜੀ ਦੇ ਜਦ ਦਰਸ਼ਨ ਕੀਤੇ ਤਾਂ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਵਲ ਬਾਦਸ਼ਾਹ ਦਾ ਧਿਆਨ ਦਿਵਾਇਆ ਤੇ ਸਿਫ਼ਾਰਸ਼ ਕਰ ਕੇ ਉਸ ਸਾਲ ਦੇ ਹਾਲੇ ਵਿਚੋਂ ਦਸ ਬਾਰਾਂ ਫ਼ੀ ਸਦੀ ਮੁਆਫ਼ ਕਰਵਾ ਦਿਤਾ। ਜਹਾਂਗੀਰ ਨੂੰ ਇਹ ਗੱਲ ਵੀ ਰੜਕ ਰਹੀ ਸੀ ਤੇ ਲਾਜ਼ਮੀ ਉਸ ਨੂੰ ਸ਼ੱਕ ਪਿਆ ਹੋਵੇਗਾ ਕਿ ਗੁਰੂ ਸਾਹਿਬ ਦੇ ਅਸਰ ਨੇ ਹੀ ਅਕਬਰ ਦੇ ਮਨ ਨੂੰ ਇਸਲਾਮ ਤੋਂ ਫੇਰਨ ਲਈ ਉਕਸਾਹਟ ਦਿਤੀ ਹੈ। ਉਸ ਦੇ ਸ਼ੱਕ ਨੂੰ ਇਸ ਗੱਲ ਨੇ ਵੀ ਪੱਕਿਆਂ ਕੀਤਾ ਹੋਵੇਗਾ ਜਦ ਉਸ ਨੇ ਵੇਖਿਆ ਕਿ ਹਿੰਦੂਆਂ ਦੇ ਨਾਲ ਅੰਦਰੋਂ ਅੰਦਰੀ ਬਹੁਤ ਸਾਰੇ ਮੁਸਲਮਾਨ ਵੀ ਗੁਰੂ ਸਾਹਿਬ ਦੇ ਮੁਰੀਦ ਬਣਦੇ ਜਾ ਰਹੇ ਹਨ ਤੇ ਇਕ ਨਵੀਂ ਲਹਿਰ ਜ਼ੋਰ ਫੜਦੀ ਜਾ ਰਹੀ ਹੈ। ਜੇ ਮੁਸਲਮਾਨ ਖੁਲ੍ਹਮ ਖੁਲ੍ਹਾ ਸਿਖ ਨਹੀਂ ਬਣਦੇ ਸਨ ਤਾਂ ਕੇਵਲ ਹਕੂਮਤ ਦੇ ਡਰ ਕਰਕੇ। ਉਸ ਨੂੰ ਚਿਪ ਚੜ੍ਹ ਰਹੀ ਸੀ ਤੇ ਉਸ ਦੇ ਗੁੱਸੇ ਦਾ ਲਾਵਾ ਜਮ੍ਹਾ ਹੋਈ ਜਾ ਰਿਹਾ ਸੀ। ਉਹ ਇਸ ਗ਼ੈਰ-ਮੁਸਲਮਾਨੀ ਲਹਿਰ ਨੂੰ ਤੇਜ਼ੀ ਨਾਲ ਪ੍ਰਫੁਲਤ ਹੁੰਦੀ ਵੇਖ ਕੇ ਕਿਵੇਂ ਜਰ ਸਕਦਾ ਸੀ। ਇਸ ਤੋਂ ਬਿਨਾਂ ਰਾਜਸੀ ਪੱਖੋਂ ਵੀ ਉਹ ਗੁਰੂ ਸਾਹਿਬ ਦੀ ਵਧ ਰਹੀ ਤਾਕਤ ਨੂੰ ਆਪਣੇ ਲਈ ਵੱਡਾ ਖ਼ਤਰਾ ਸਮਝਦਾ ਸੀ। ਇਹ ਤਿੰਨ ਗੱਲਾਂ ਉਘੜ ਕੇ ਸਾਹਮਣੇ ਆਉਂਦੀਆਂ ਹਨ—ਅਕਬਰ ਦੇ ਗੁਰੂ ਸਾਹਿਬਾਂ ਨਾਲ ਮੇਲ ਮਿਲਾਪ, ਗੁਰੂ ਰਾਮਦਾਸ ਨੂੰ ਜ਼ਮੀਨ ਦਾ ਪਟਾ ਲਿਖ ਦੇਣ ਤੇ ਮਾਮਲਾ ੧੦-੧੨ ਫ਼ੀ ਸਦੀ ਦੇ ਹਿਸਾਬ ਨਾਲ ਮੁਆਫ ਕਰਨ ਕਰਕੇ ਦਿਲ ਵਿਚ ਉਪਜੀ ਈਰਖਾ; ਦੂਸਰੀ, ਮੁਸਲਮਾਨਾਂ ਦੇ ਸਿਖ ਬਣੀ ਜਾਣ ਕਰਕੇ ਮਜ਼੍ਹਬੀ ਤੁਅੱਸਬ ਕਰਕੇ ਗੁੱਸਾ; ਤੀਸਰੀ, ਦਿਨੋ ਦਿਨ ਵੱਧ ਰਹੀ ਸਿੱਖ ਤਾਕਤ ਦੇ ਕਾਰਨ ਉਪਜ ਰਿਹਾ ਤੌਖਲਾ ਤੇ ਡਰ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਵੱਟ ਉਸ ਦਾ ਧਾਰਮਿਕ ਗੁੱਸਾ ਚੜ੍ਹਾ ਰਿਹਾ ਸੀ। ਇਹ ਗੁੱਸਾ ਉਸ ਦੀ ਲਿਖਤ ਦੇ ਅੱਖਰ ਅੱਖਰ ਚੋਂ ਝਲਕ ਰਿਹਾ ਹੈ। ਇਸੇ ਕਰਕੇ ਇਹ ਫੁਰਨਾ ਉਸ ਦੇ ਮਨ ਵਿਚ ਘਰ ਕਰੀ ਬੈਠਾ ਸੀ ਕਿ ਸਿੱਖ ਲਹਿਰ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ ਤੇ ਜਿਵੇਂ ਕਿਵੇਂ ਬਣ ਪਵੇ, ਗੁਰੂ ਸਾਹਿਬ ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ। ਪਰ ਗੁਰੂ ਸਾਹਿਬ ਨੂੰ ਕਿਸ ਦੋਸ਼ ਦੇ ਬਹਾਨੇ ਹੱਥ ਪਾਵੇ ? ਅਜਾਈਂ ਉਨ੍ਹਾਂ ਨੂੰ ਲਪੇਟ ਵਿਚ ਲਿਆਉਣ ਤੇ ਸਖ਼ਤੀ ਕਰਨ ਦਾ ਗੁਨਾਹ ਸਿਰ ਲੈ ਕੇ ਦੁਨੀਆ ਸਾਹਮਣੇ ਜ਼ਾਲਮ ਵੀ ਨਹੀਂ ਸੀ ਬਣਨਾ ਚਾਹੁੰਦਾ। ਬੜੇ ਸਮੇਂ ਤਕ ਉਹ ਕਿਸੇ ਬਹਾਨੇ ਦੀ ਭਾਲ ਵਿਚ ਸੀ, ਜੋ ਉਸ ਨੂੰ ਖ਼ੁਸਰੋ ਦੀ ਬਗਾਵਤ ਨੇ ਪੈਦਾ ਕਰ ਦਿਤਾ। ਜਹਾਂਗੀਰ ੧੨ ਅਕਤੂਬਰ ੧੬੦੫ ਈ: ਨੂੰ ਆਗਰੇ ਵਿਚ ਤਖ਼ਤ ਤੇ ਬੈਠਾ। ਅਕਬਰ ੧੩ ਅਕਤੂਬਰ ੧੬੦੫ ਈ: ਯਾਅਨੀ ਅਗਲੇ ਦਿਨ ਮਰਦਾ ਹੈ। ਹੁਣ ਹਿੰਦੁਸਤਾਨ ਦੇ ਵਿਸ਼ਾਲ ਰਾਜ ਦੀ ਸਿਆਹੀ ਸਫ਼ੈਦੀ ਦਾ ਉਹ ਮਾਲਿਕ ਹੈ। ਪਰ ਸੱਤ ਮਹੀਨੇ ਤਕ ਉਹ ਗੁਰੂ ਅਰਜਨ ਦੇਵ ਨੂੰ ਕੁਝ ਨਹੀਂ ਕਹਿੰਦਾ। ਕਿਉਂਕਿ ਇਡੀ ਵੱਡੀ ਪਵਿੱਤਰ ਹਸਤੀ, ਜਿਸ ਦੀ ਸ਼ੁਹਰਤ ਤੇ ਉਚਿਆਂ ਗੁਣਾਂ ਦੀ ਸੁਗੰਧ ਸਾਰੇ ਹਿੰਦੁਸਤਾਨ ਵਿਚ ਫੈਲੀ ਹੋਈ ਸੀ, ਨੂੰ ਬਗੈਰ ਕਿਸੇ ਝੂਠੇ ਸੱਚੇ ਦੋਸ਼ ਤੋਂ ਫੜਨੋਂ ਉਸ ਦੀ ਆਤਮਾ ਕੰਬਦੀ ਸੀ। ਉਹ ਜ਼ਾਲਮ ਵੱਜੇਗਾ ਤੇ ਸਾਰਾ ਜਹਾਨ ਤੋਹੇ ਤੋਹੇ ਕਰੇਗਾ। ਇਹ ਸੀ ਕਾਰਨ ਜਿਸ ਨੇ ਉਸ ਨੂੰ ਨੀਚ ਕਰਮ ਤੋਂ ਰੋਕੀ ਰਖਿਆ, ਜੋ ਉਸ ਦੀ ਪਾਪੀ ਆਤਮਾ ਨੇ ੭ ਮਹੀਨੇ ਪਿਛੋਂ ਅੰਤ ਨੂੰ ਕਰਵਾ ਕੇ ਹੀ ਛੱਡਿਆ।

—ਚਲਦਾ

## ਹਵਾਲੇ ਤੇ ਫੁਟ ਨੋਟ

੧. ਤੋਜ਼ਕਿ ਜਹਾਂਗੀਰੀ (ਜਹਾਂਗੀਰ ਦੀ ਸਵੈ-ਲਿਖਤ ਜੀਵਨੀ ਫ਼ਾਰਸੀ ਵਿਚ), ਨਵਲਕਿਸ਼ੋਰ ਪ੍ਰੈਸ ਲਖਨਊ ਵਲੋਂ ਛਪੀ, ਸਫ਼ਾ ੩੫



www.AKJ.Org

# ਮਨ ਨੀਵਾਂ, ਮਤਿ ਉੱਚੀ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਮਨ ਸਾਡੇ ਅੰਦਰ ਦਾ ਉਹ ਉਪਕਰਣ ਹੈ ਜਿਸ ਰਾਹੀਂ ਬਾਹਰਲੇ ਸੰਸਾਰ ਨਾਲ ਸਾਡਾ ਸੰਬੰਧ ਬਣਦਾ ਹੈ। ਗਿਆਨ-ਇੰਦਰਿਆਂ ਰਾਹੀਂ ਇਹ ਸੰਸਾਰ ਦਾ ਗਿਆਨ ਪ੍ਰਾਪਤ ਕਰਦਾ ਹੈ ਤੇ ਕਰਮ-ਇੰਦਰਿਆਂ ਰਾਹੀਂ ਇਸੇ ਸੰਸਾਰ ਉਪਰ ਅਸਰ-ਅੰਦਾਜ਼ ਹੁੰਦਾ ਹੈ। ਪੰਜਾਂ ਤੱਤਾਂ ਤੋਂ ਜਨਮਿਆ ਇਹ ਮਨ[1] ਆਤਮਾ ਦੇ ਪ੍ਰਕਾਸ਼ ਨਾਲ ਚੇਤੰਨ ਹੁੰਦਾ ਹੈ। ਦਰ-ਅਸਲ ਇਹ ਚੇਤੰਨ ਆਤਮਾ ਤੇ ਅਚੇਤਨ ਸਰੀਰ ਦੇ ਸੰਜੋਗ ਤੋਂ ਹੀ ਪੈਦਾ ਹੁੰਦਾ ਹੈ।

ਇਸ ਦਾ ਇਕ ਪੱਖ 'ਹਉਮੈ' ਹੈ। ਜੋ ਕੁਝ ਵੀ ਇਹ ਕਰਦਾ ਹੈ, ਉਸ ਨੂੰ ਇਹ 'ਮੈਂ ਮੇਰੀ' ਨਾਲ ਸੰਬੰਧਤ ਕਰੀ ਜਾਂਦਾ ਹੈ : 'ਇਹ ਮੈਂ ਵੇਖਿਆ', 'ਇਹ ਮੈਂ ਸੋਚਿਆ', 'ਇਹ ਮੈਂ ਚਿਤਵਿਆ', 'ਇਹ ਮੈਂ ਕੀਤਾ' ਇਤਿਆਦਿ। ਜੋ ਕੁਝ ਵੀ ਇਹ ਸੋਚਦਾ ਹੈ, ਆਪਣੀ 'ਮੈਂ' ਵਾਸਤੇ ਸੋਚਦਾ ਹੈ; ਜੋ ਕੁਝ ਵੀ ਇਹ ਮੰਗਦਾ ਹੈ, ਆਪਣੀ 'ਹਉਂ' ਵਾਸਤੇ ਮੰਗਦਾ ਹੈ; ਜੋ ਕੁਝ ਵੀ ਇਹ ਕਰਦਾ ਹੈ, ਆਪਣੇ 'ਅਹੰ' ਦੇ ਹਿਤ ਵਾਸਤੇ ਕਰਦਾ ਹੈ। ਇਸ ਦੀ ਐਸੀ ਸੋਚਣੀ ਅਹੰ-ਬੁੱਧੀ ਜਾਂ ਅਹੰ-ਮਤ ਹੈ। ਇਸੇ ਕਾਰਨ ਇਹ ਆਫਰਿਆ ਫਿਰਦਾ ਹੈ, ਕਿਸੇ ਨਾਲ ਬਿਦਦਾ ਨਹੀਂ। ਐਸੇ ਮਨ ਦੇ ਆਖੇ ਲਗਣਾ ਮਨ-ਮਤਿ ਹੈ।

ਹਉਮੈ ਹੀ ਫੁਲ ਕੇ ਅਹੰਕਾਰ ਹੋ ਜਾਂਦੀ ਹੈ, ਤੇ ਅਹੰਕਾਰੀ ਮਨ ਵਿਚ ਕੋਈ ਉਪਦੇਸ਼ ਨਹੀਂ ਠਹਿਰਦਾ। ਅਹੰਕਾਰੀ ਤਾਂ ਕੋਈ ਉਪਦੇਸ਼ ਗ੍ਰਹਿਣ ਹੀ ਨਹੀਂ ਕਰਦਾ। ਸੋ ਉਸ ਦੀ ਮਤਿ ਭ੍ਰਸ਼ਟ ਹੋ ਜਾਂਦੀ ਹੈ,ਖੀਨ ਹੋ ਜਾਂਦੀ ਹੈ।

ਪਰ, ਜਿਹੜਾ ਮਨ ਨਿਮ੍ਰਤਾ ਵਿਚ ਢਲਦਾ ਹੈ, ਉਹ ਆਪਣੇ ਬੂਹੇ ਚਹੁੰ ਕੂੰਟਾਂ ਆਉਂਦੇ ਉਪਦੇਸ਼ ਲਈ ਖੋਲ੍ਹ ਦੇਂਦਾ ਹੈ, ਗੁਰੂ ਦੀ ਨਿਰਮਲ ਮਤਿ ਗ੍ਰਹਿਣ ਕਰਦਾ ਹੈ ਤੇ ਕਰਣੀ ਉੱਚੀ ਕਰਦਾ ਹੈ।[2] ਉਹ ਤਾਂ—

ਮਤਿ ਹੋਦੀ ਹੋਇ ਇਆਣਾ। ਤਾਣ ਹੋਦੇ ਹੋਇ ਨਿਤਾਣਾ।
ਅਣਹੋਦੇ ਆਪੁ ਵੰਡਾਏ। ਕੋ ਐਸਾ ਭਗਤੁ ਸਦਾਏ। —ਸਲੋਕ ਫਰੀਦ (੧੩੮੪/੧੬)

ਗੁਰਮਤਿ ਵਿਚ ਤਾਂ ਜੋ ਆਪਣੇ ਆਪ ਨੂੰ ਨੀਵਾਂ ਜਾਣਦਾ ਹੈ, ਉਸੇ ਦੀ ਪਦਵੀ ਉੱਚੀ ਗਿਣੀਂਦੀ ਹੈ।[2] ਮਸਕੀਨਾਂ ਨੂੰ ਹੀ ਆਤਮਕ ਸੁਖ ਪ੍ਰਾਪਤ ਹੁੰਦਾ ਹੈ, ਅਹੰਕਾਰੀ ਤਾਂ ਆਪਣੇ ਅਹੰਕਾਰ ਵਿਚ ਹੀ ਗਲਦੇ ਹਨ।[3] ਸਿੱਖੀ ਵਿਚ ਤਾਂ ਨੀਵਾਂ ਮਨ ਹੀ ਜਿਣਦਾ ਹੈ, ਅਹੰਕਾਰੀ ਮਨ ਤਾਂ ਹਾਰਦਾ ਹੈ।[4]

ਰਤਨ ਰਤਨਾਵਲੀ ਵਿਚ ਆਉਂਦਾ ਹੈ : ਬਾਬੇ ਕਿਹਾ, "ਛੱਵਾਰੇ ਦਾ ਜਲ ਜਿਤਨਾ ਨੀਵਾਂ ਜਾਂਦਾ ਹੈ ਤਿਤਨਾ ਹੀ ਉੱਚਾ ਚੜ੍ਹਦਾ ਹੈ। ਤੈਸੇ ਜੋ ਮਨ ਨੀਵਾਂ ਕਰਦੇ ਹਨ, ਸੋ ਉੱਚੀ ਪਦਵੀ ਕਰਤਾਰ ਦੀ ਨੂੰ ਪ੍ਰਾਪਤ ਹੋਂਦੇ ਹਨ।"

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵੀ ਗੁਰੂ ਬਾਬੇ ਨੇ ਨਿਮ੍ਰਤਾ ਦਾ ਹੀ ਆਦੇਸ਼ ਦਿੱਤਾ ਹੈ। ਆਉਂਦਾ ਹੈ, "ਨਿਵਣਾ ਸਭ ਅੱਗੇ, ਖਿਮਾ ਕਰਨੀ, ਮਿੱਠਾ ਬੋਲਣਾ—ਇਹ ਤੂੰ ਵਚਨ ਯਾਦ ਰਖਣੇ।"

ਜੋ ਮਨ ਨੀਵਾਂ ਰਖਦਾ ਹੈ ਉਹ ਡਿਗਦਾ ਨਹੀਂ, ਉਸ ਨੂੰ ਨਮੋਸ਼ੀ ਕਦੇ ਨਹੀਂ ਵਾਪਰਦੀ। ਨਿਮ੍ਰਤਾ ਵਿਚ ਤਾਂ ਆਕਾਸ਼ ਦੀ ਜੋਤਿ ਜਗਦੀ ਹੈ। ਸੋ ਨਮ੍ਰ ਮਨ ਸਦਾ ਰੁਸ਼ਨਾਇਆ ਰਹਿੰਦਾ ਹੈ। ਉਸ ਦੀ ਸ਼ਰਧਾ ਸਦਾ ਨਰੋਈ ਰਹਿੰਦੀ ਹੈ। ਪਰ, ਕੂੜਾਵੀ ਨਮ੍ਰਤਾ ਵਿਚ ਨਹੀਂ। ਜੇਕਰ ਦੁਨੀਆਵੀ ਅਭਿਮਾਨ ਤਜ ਕੇ ਕੋਈ ਪਾਰਸਾਈ ਦਾ ਅਭਿਮਾਨ ਹੀ ਅੰਦਰ ਪਾ ਲੈਂਦਾ ਹੈ, ਤਾਂ ਉਸ ਦੀ ਨਮ੍ਰਤਾ ਕੂੜਾਵੀ ਹੈ। ਉਹ ਤਾਂ ਨਮ੍ਰਤਾ ਦਾ ਦੰਭ ਭਰਦਾ ਹੈ।

---

੧. ਇਹੁ ਮਨੁ ਪੰਚ ਤਤੁ ਤੇ ਜਨਮਾ। —ਆਸਾ ਮ: ੧ (੪੧੫/੧੦)

੨. ਆਪਸ ਕਉ ਜੋ ਜਾਣੈ ਨੀਚਾ। ਸੋਊ ਗਨੀਐ ਸਭ ਤੇ ਊਚਾ। —ਗਉੜੀ ਮ: ੫ (੨੬੬/੭)

੩. ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ। ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ। —ਗਉੜੀ ਮ: ੫ (੨੭੮/੫)

੪. ਨੀਵਾਂ ਜਿਣੈ, ਉਚੇਰਾ ਹਾਰੇ। —ਭਾ: ਗੁਰਦਾਸ, ਵਾਰ ੪:੬



www.AKJ.Org

ਉਹ ਤਾਂ ਅਭਿਮਾਨ ਵਿਚ ਨਿਉਂਦਾ ਹੈ। ਨਿਉਂਦਾ ਹੈ, ਕਿ ਉਸ ਦੀ ਪ੍ਰਭਤਾ ਹੋਰ ਵਧੇ । ਜਾਂ ਫਿਰ, ਜੋ ਅੰਦਰੋਂ ਦੋਸ਼ੀ ਹੁੰਦਾ ਹੈ, ਉਹ ਬਹੁਤ ਜ਼ਿਆਦਾ ਨਿਉਂਦਾ ਹੈ ।[1] ਅਸਲ ਨਿਮ੍ਰਤਾ ਤਾਂ ਮਨ ਦੀ ਹੁੰਦੀ ਹੈ, ਸਿਜਦਿਆਂ ਦੀ ਨਹੀਂ। ਇਸੇ ਲਈ ਸਿੱਖੀ ਵਿਚ ਮਨ ਨੀਵਾਂ ਰਖਣ ਦਾ ਆਦੇਸ਼ ਹੈ, ਤੇ ਮਤਿ ਉੱਚੀ।

**ਮਤਿ ਉੱਚੀ–**

ਮਨ ਦੀ ਮਤਿ ਤਾਂ ਨੀਵੀਂ ਮਤਿ ਹੈ, ਅਲਪ ਮਤਿ ਹੈ[2], ਚੰਚਲ ਮਤਿ ਹੈ[3], ਪੰਖੇਰੂ ਮਤਿ[4] ਹੈ, ਅਲੂਣੀ ਮਤਿ[5] ਹੈ, ਮਲੀਣ ਮਤਿ[6] ਹੈ। ਇਸੇ ਨੂੰ ਅਹੰ-ਮਤ ਵੀ ਆਖਿਆ ਹੈ, ਅਹੰਬੁਧ[7] ਵੀ ਆਖਿਆ ਹੈ।

ਇਸ ਦੇ ਟਾਕਰੇ ਉੱਚੀ ਅਥਵਾ ਉਤਮ ਮਤਿ[8] ਹੈ। ਇਸੇ ਨੂੰ ਨਿਰਮਲ ਮਤਿ[9], ਗੂੜ੍ਹੀ ਮਤਿ[10], ਤੇ ਪੂਰੀ ਮਤਿ[11] ਵੀ ਆਖਿਆ ਹੈ। ਏਹੋ ਗੁਰੂ ਕੀ ਮਤਿ[12] ਹੈ, ਏਹੋ ਬਿਬੇਕ ਬੁੱਧੀ[13] ਹੈ।

ਨੀਵੀਂ ਮਤਿ ਪਦਾਰਥਕ ਹੈ, ਉੱਚੀ ਮਤਿ ਪਰਮਾਰਥਕ। ਨੀਵੀਂ, ਧਾਤ ਦੀ ਮਤਿ ਹੈ, ਉੱਚੀ ਲਿਵ ਦੀ। ਨੀਵੀਂ ਮਤਿ ਸਦਾ ਡੋਲਦੀ ਫਿਰਦੀ ਹੈ, ਉੱਚੀ ਸਦਾ ਥਿਰ ਰਹਿੰਦੀ ਹੈ। ਉੱਚੀ ਮਤਿ ਵਾਲੀ ਅਰਦਾਸ ਤਾਂ ਕੁਝ ਇੰਜ ਦੀ ਯਾਚਨਾ ਕਰਦੀ ਹੈ :

ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ । —ਧਨਾਸਰੀ ਮ: ੫ (੬੭੩/੮)

ਉੱਚੀ ਮਤਿ ਵਿਦਵਤਾ ਨਾਲ ਨਹੀਂ ਪ੍ਰਾਪਤ ਹੁੰਦੀ, ਲੋਕਾਚਾਰ ਨਾਲ ਨਹੀਂ ਪ੍ਰਾਪਤ ਹੁੰਦੀ, ਨ ਹੀ ਤਰਕ ਨਾਲ ਪ੍ਰਾਪਤ ਹੁੰਦੀ ਹੈ। ਇਹ ਤਾਂ ਸ਼ਰਧਾ ਨਾਲ ਪ੍ਰਾਪਤ ਹੁੰਦੀ ਹੈ, ਵੈਰਾਗ ਨਾਲ ਪ੍ਰਾਪਤ ਹੁੰਦੀ ਹੈ, ਕੁਰਬਾਨੀ ਨਾਲ ਪ੍ਰਾਪਤ ਹੁੰਦੀ ਹੈ, ਵਾਹਿਗੁਰੂ ਦੇ ਭੈ ਨਾਲ ਪ੍ਰਾਪਤ ਹੁੰਦੀ ਹੈ। ਨੀਵੀਂ ਮਤਿ ਈਰਖਾਲੂ ਹੁੰਦੀ ਹੈ, ਉੱਚੀ ਮਤਿ ਉਦਾਰ। ਉਹ ਤਾਂ ਪਿਆਰ ਵੰਡਦੀ ਹੈ। ਸਮੁੱਚੀ ਮਾਨਵਤਾ ਦਾ ਹਿੱਤ ਇਸ ਅੰਦਰ ਵਿਚਰਦਾ ਹੈ।

ਇਹ ਗੁਰ-ਉਪਦੇਸ਼ ਗ੍ਰਹਿਣ ਕਰਨ ਵਾਲੀ ਮਤਿ ਹੈ–ਤੇ ਗੁਰੂ ਦਾ ਉਪਦੇਸ਼ ਸੁਣਿਆਂ ਮਤਿ ਵਿਚੋਂ ਅਨੇਕਾਂ ਕੀਮਤੀ ਆਤਮਕ ਖ਼ਜ਼ਾਨੇ ਸੁਤੇ ਸਿੱਧ ਪਰਗਟ ਆਣ ਹੋਂਦੇ ਹਨ :

ਮਤਿ ਵਿਚਿ ਰਤਨ ਜਵੇਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ । —ਜਪੁ (੨/੧੨)

ਜਿਨ੍ਹਾਂ ਦੇ ਮਨ ਅੰਦਰ ਗੁਰੂ ਦਾ ਉਪਦੇਸ਼ ਵਸ ਜਾਂਦਾ ਹੈ, ਉਹੀ ਪੂਰੀ ਮਤਿ ਵਾਲੇ ਪਰਧਾਨ ਹੁੰਦੇ ਹਨ।[14] ਇਸੇ

---

੧. ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ । ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ? —ਆਸਾ ਵਾਰ ੧, ਸਲੋਕੁ ਮ: ੧ (੪੭੦/੧੬)

੨. ਹਮ ਅਗਿਆਨ ਅਲਪ ਮਤਿ ਥੋਰੀ...। —ਧਨਾਸਰੀ ਮ: ੫ (੬੭੪/੩)

੩. ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ...। —ਸਾਰਗ ਮ: ੧ (੧੨੩੨/੧੮)

੪. ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ । —ਸਾਰਗ ਵਾਰ ਮ: ੪ (੧੨੩੯/੫)

੫. ਕਚੀ ਕੰਧ ਕਚਾ ਵਿਚਿ ਰਾਜੁ । ਮਤਿ ਅਲੂਣੀ ਫਿਕਾ ਸਾਦੁ । —ਸਿਰੀਰਾਗੁ ਮ: ੧ (੨੫/੧੫)

੬. ਮਤਿ ਮਲੀਣ ਪਰਗਟੁ ਭਈ...। —ਗਉੜੀ ਬੈਰਾਗਣਿ ਮ: ੩ (੧੬੩/੮)

੭. ਅਹੰਬੁਧਿ ਕਰਮ ਕਮਾਵਨੇ । ਗ੍ਰਿਹ ਬਾਲੂ ਨੀਰਿ ਬਹਾਵਨੇ । ਗਉੜੀ ਮ: ੫ (੨੧੧/੩)

੮. ਉਤਮ ਮਤਿ ਮੇਰੈ ਰਿਦੈ ਤੂੰ ਆਉ । —ਆਸਾ ਮ: ੫ (੩੭੭/੨)

੯. ਸਾ ਮਤਿ ਨਿਰਮਲ ਕਹੀਅਤ ਧੀਰ । ਰਾਮ ਰਸਾਇਣੁ ਪੀਵਤ ਬੀਰ । —ਗਉੜੀ ਮ: ੫ (੧੯੮/੭)

੧੦. ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ । —ਵਡਹੰਸੁ ਮ: ੩ (੫੬੯/੧੬)

੧੧. ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ । —ਗਉੜੀ ਮ: ੫ (੧੮੯/੫)

੧੨. ਗੁਰ ਕੀ ਮਤਿ ਤੂੰ ਲੇਹਿ ਇਆਨੇ । —ਗਉੜੀ ਮ: ੫ (੨੮੮/੧੮)

੧੩. ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ । (ਸੋਰਠਿ ਮ: ੫ (੬੪੧/੮)

੧੪. ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨਮੰਤ । —ਗਉੜੀ ਮ: ੫ (੨੫੯/੧)



www.AKJ.Org

ਉੱਚੀ ਮਤਿ ਰਾਹੀਂ ਵਾਹਿਗੁਰੂ ਦੀ ਨਦਰ ਤੇ ਕਿਰਪਾ ਦੇ ਪਾਤਰ ਬਣ ਸਕੀਦਾ ਹੈ।[1] ਇਸੇ ਰਾਹੀਂ ਹਰੀ-ਸਿਮਰਨ ਪ੍ਰਾਪਤ ਹੁੰਦਾ ਹੈ, ਇਸੇ ਰਾਹੀਂ ਹਰੀ-ਜਸ।[2] ਇਸ ਲਈ ਗੁਰਦੇਵ ਕਹਿੰਦੇ ਹਨ, ਜੋ ਕੋਈ ਨੀਵੀਂ ਮਤਿ ਛੁੜਾਵੇ ਤੇ ਉੱਚੀ ਮਤਿ ਗ੍ਰਹਣ ਕਰਾਵੇ, ਮੈਂ ਉਸ ਦੇ ਚਰਨ ਪਖਾਲ ਕੇ ਪੀਣਾ ਚਾਹਾਂਗਾ।[3]

ਮਤਿ ਉੱਚੀ ਤਦੇ ਹੁੰਦੀ ਹੈ ਜੇ ਉਸ ਨੂੰ ਵਾਹਿਗੁਰੂ ਦੀ ਰਾਖੀ ਨਸੀਬ ਹੋਵੇ। ਜੇਕਰ ਸਾਡੀ ਮਤਿ ਦਾ ਰਾਖਾ ਵਾਹਿਗੁਰੂ ਨ ਹੋਵੇ, ਤਾਂ ਉਹ ਕੱਚੀ ਪਿੱਲੀ ਹੀ ਰਹਿੰਦੀ ਹੈ। ਕੱਚੇ ਰਾਜ ਵਾਂਕਰ ਉਹ ਜੋ ਵੀ ਜੀਵਨ-ਕੰਧ ਸਾਡੇ ਲਈ ਉਸਾਰਦੀ ਹੈ, ਉਹ ਵੀ ਕੱਚੀ ਹੀ ਰਹਿੰਦੀ ਹੈ। ਐਸੀ ਮਤਿ, ਜਿਸ ਅੰਦਰ ਵਾਹਿਗੁਰੂ ਦਾ ਪ੍ਰੇਮ ਨਹੀਂ, ਅਤਿ ਬੇਸੁਆਦੀ, ਅਲੂਣੀ ਮਤਿ ਹੈ। ਮਤਿ ਤਾਂ ਓਹੋ ਰਾਸ ਹੁੰਦੀ ਹੈ ਜਿਸ ਨੂੰ ਵਾਹਿਗੁਰੂ ਆਪ ਸੁਆਰੇ।[4]

ਸਾਡੀ ਬੁੱਧੀ ਤਾਂ ਕਦੇ ਵੀ ਭ੍ਰਸ਼ਟ ਹੋ ਸਕਦੀ ਹੈ; ਜਿਸ ਦਾ ਮਾਣ ਨਹੀਂ ਕੀਤਾ ਜਾ ਸਕਦਾ। ਇਸ ਲਈ ਉਸ ਦੀ ਰੱਖਿਆ ਸਦਾ ਵਾਹਿਗੁਰੂ ਜੀ ਪਾਸੋਂ ਮੰਗਣੀ ਬਣਦੀ ਹੈ। ਚੰਗੀ ਮੰਦੀ ਹਰ ਤਰ੍ਹਾਂ ਦੀ ਮਤਿ ਦਾ ਮਾਲਕ ਆਪ ਵਾਹਿਗੁਰੂ ਹੀ ਹੈ[5]। ਇਸ ਲਈ ਏਹੋ ਅਰਦਾਸ ਕਰਨੀ ਬਣ ਆਉਂਦੀ ਹੈ ਕਿ :

ਮਨ ਨੀਵਾਂ, ਮਤਿ ਉੱਚੀ, ਮਤਿ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ !

---

੧. ਮਤਿ ਗੁਰਮਤਿ ਸੁਨਿ ਜਸੁ ਕਾਨ। ਹਰਿ ਹੋ ਹੋ ਹੋ ਕਿਰਪਾਨ। —ਕਾਨੜਾ ਮ: ੪ (੧੨੯੮/੨)

੨. ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਉਰਿ ਹਾਰੁ। —ਕਾਨੜਾ ਵਾਰ ੪, ਮ: ੪ (੧੩੧੪/੮)

੩. ਮਤੜੀ ਕਾਂਢ ਕੁਆਹ ਪਾਵ ਧੋਵੰਦੋ ਪੀਵਸਾ। —ਮਾਰੂ ਵਾਰ ੫, ਮ: ੫ (੧੦੯੯/੧੩)

੪. ਕਚੀ ਕੰਧ ਕਚਾ ਵਿਚਿ ਰਾਜੁ। ਮਤਿ ਅਲੂਣੀ ਫਿਕਾ ਸਾਦੁ। ਨਾਨਕ ਆਣੈ ਆਵੈ ਰਾਸਿ।
—ਸਿਰੀਰਾਗੁ ਮ: ੧ (੨੫/੧੫)

੫. ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ। —ਬਿਲਾਵਲੁ ਮ: ੪ (੮੦੦/੧੦)

---

# ਦਾਸ 'ਸੂਰਾ' ਦੀ ਸੇਵਾ ਦੇ ਯੋਗ ਨਹੀਂ

ਮਾਰਚ ੧੯੭੩ ਦੇ 'ਸੂਰਾ' ਤੋਂ ਦਾਸ ਨੂੰ ਇਸ ਦੀ ਛਪਾਈ ਆਦਿ ਕਰਵਾ ਦੇਣ ਦੀ ਸੇਵਾ ਬਖਸ਼ੀ ਗਈ, ਪਰ ਇਕ-ਅਧ ਪਰਚੇ ਬਾਅਦ ਸੰਪਾਦਕ ਦੀ ਜ਼ਿਮੇਵਾਰੀ ਕਿਸੇ ਨੇ ਨਾ ਸੰਭਾਲੀ। ਦਾਸ ਤਾਂ ਦੋ ਚਾਰ ਸਤਰਾਂ ਲਿਖਣ ਦੀ ਵੀ ਸਮਰੱਥਾ ਨਹੀਂ ਰਖਦਾ ਅਤੇ ਗੁਰਮਤਿ ਦੇ ਹਰ ਪਹਿਲੂ ਤੋਂ ਆਪਣੇ ਆਪ ਵਿਚ ਊਣਾ ਹੈ, ਤਾਂ ਫਿਰ ਇਕ ਨਿਰੋਲ ਗੁਰਮਤਿ ਮਾਸਕ ਪੱਤਰ ਦੀ ਜ਼ਿਮੇਵਾਰੀ ਕਿਵੇਂ ਨਿਭ ਰਹੀ ਹੈ। ਇਹ ਅਸਲੀਅਤ ਹੈ, ਸੱਚ ਹੈ ਕਿ ਇਹ ਸਾਰਾ ਕਾਰਜ ਵੀਹ ਸਾਲ ਤੋਂ ਸਤਿਗੁਰੂ ਆਪ, ਮੂਰਖ ਦੇ ਸੀਸ ਤੇ ਆਪਣੀ ਛੜੀ ਰਖ ਕੇ ਕਰਵਾ ਰਿਹਾ ਹੈ। ਦਾਸ ਜਦ ਆਪਣੀ ਤੁਛਤਾ, ਗੁਣਹੀਣਤਾ, ਕਮ-ਅਕਲੀ, ਵਿਦਿਆ-ਹੀਣਤਾ ਆਦਿ ਵਲ ਝਾਤੀ ਮਾਰਦਾ ਹੈ ਤਾਂ ਘਬਰਾ ਜਾਂਦਾ ਹੈ, ਪਰ ਸਤਿਗੁਰੂ ਆਪਣੀ ਬਖ਼ਸ਼ਸ਼ ਦੁਆਰਾ ਇਸ ਮੂਰਖ ਦੇ ਪਰਦੇ ਕਜੀ ਜਾ ਰਿਹਾ ਹੈ। ਅਜ ਤਕ ਸੂਰਾ ਵਿਚ ਜੋ ਕੁਝ ਵੀ ਛਪਿਆ ਹੈ, ਉਹ ਬਿਨਾਂ ਕਿਸੇ ਲਿਹਾਜ਼, ਵਿਤਕਰੇ ਜਾਂ ਪੱਖ ਦੇ, ਗੁਰਮਤਿ ਨੂੰ ਮੁਖ ਰਖ ਕੇ, ਜੋ ਸਤਿਗੁਰੂ ਕਰਵਾਂਦਾ ਰਿਹਾ ਹੈ ਛਪਦਾ ਰਿਹਾ ਹੈ। ਸਤਿਗੁਰੂ ਆਪ ਆਪਣੇ ਅੰਞਾਣ ਬੱਚਿਆਂ ਨੂੰ ਸੋਝੀ ਬਖਸ਼ਦੇ ਰਹਿਣ।

ਦਾਸ ਉਮਰ ਦੇ ਲਿਹਾਜ਼ ਨਾਲ ਵੀ ਨਿਰਬਲ ਹੋ ਰਿਹਾ ਹੈ ਅਤੇ ਨਜ਼ਰ ਵੀ ਹੁਣ ਪੂਰਾ ਸਾਥ ਨਹੀਂ ਦੇ ਰਹੀ, ਇਸ ਲਈ ਜੇ ਸਤਿਗੁਰੂ ਨੂੰ ਭਾਉਂਦਾ ਹੈ ਤਾਂ ਇਸ ਕਾਰਜ ਨੂੰ ਜਾਰੀ ਰਖਣ ਲਈ ਯੋਗ ਹੱਥਾਂ ਵਿਚ ਇਸ ਦੀ ਸੌਂਪਣੀ ਦੇਣਗੇ। ਨਿਰਗੁਣੀ ਤੇ ਅੰਞਾਣ ਦਾਸਰਾ—ਸੇਵਾ ਸਿੰਘ

---

**ਜੂਨ ਵਿਚ ਭਾ:ਸਾ: ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ, ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਮਨਾਈ ਜਾ ਰਹੀ ਹੈ, ਇਸ ਲਈ ਜੂਨ 'ਸੂਰਾ' ਵਿਚ ਭਾਈ ਸਾਹਿਬ ਸੰਬੰਧੀ ਖੋਜ-ਪੂਰਤ ਲੇਖ ਦੇ ਰਹੇ ਹਾਂ।**


www.AKJ.Org

# ਸਿਖ ਧਰਮ ਵਿਚ ਔਰਤ ਦਾ ਦਰਜਾ

[ਸ: ਮਦਨ ਸਿੰਘ ਜੀ, 11-ਐਪਾਲੋ-ਵੇ, ਪੈਰੀ ਬਾਰ, ਬਰਮਿੰਘਮ *B*-20, 3ND, ਯੂ.ਕੇ.]

ਸ੍ਰਿਸ਼ਟੀ ਦੇ ਅਰੰਭ ਕਾਲ ਤੋਂ ਹੀ ਵੱਖ ਵੱਖ ਧਰਮਾਂ ਦੇ ਸੰਚਾਲਕਾਂ ਨੇ ਮਰਦ ਤੇ ਔਰਤ ਲਈ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਨਿਯਮ ਨੀਅਤ ਕਰ ਰਖੇ ਹਨ। ਧਾਰਮਿਕ ਪੁਸਤਕਾਂ ਇਨ੍ਹਾਂ ਨਿਯਮਾਂ ਦੀਆਂ ਸਿਰਫ ਰਖਿਅਕ ਹੀ ਨਹੀਂ, ਬਲਕਿ ਇਨ੍ਹਾਂ ਨੂੰ ਲਾਗੂ ਕਰਨ ਵਿਚ ਵੀ ਮਹੱਤਵ-ਪੂਰਨ ਰੋਲ ਅਦਾ ਕਰਦੀਆਂ ਹਨ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨੀ ਜਿਥੇ ਮਰਦਾਂ ਲਈ ਕਠਿਨ ਹੈ ਉਥੇ ਧਾਰਮਿਕ ਕਟੜਤਾ ਕਾਰਨ ਔਰਤਾਂ ਲਈ ਅਸੰਭਵ ਹੈ। ਭਾਰਤ ਵਿਚ ਹਿੰਦੂ ਮੱਤ, ਇਸਲਾਮ, ਈਸਾਈ ਮੱਤ ਤੇ ਬੁਧ ਮੱਤ ਵਡੇ ਤੇ ਪੁਰਾਣ ਮੱਤ ਸਮਝੇ ਜਾਂਦੇ ਹਨ। ਇਹਨਾਂ ਸਾਰਿਆਂ ਦਾ ਪਰੰਪਰਾਵਾਦੀ ਇਤਿਹਾਸ ਵੀ ਸਦੀਆਂ ਪੁਰਾਣਾ ਚਲਿਆ ਆ ਰਿਹਾ ਹੈ। ਸਿਖ ਧਰਮ ਇਹਨਾਂ ਸਾਰੇ ਧਰਮਾਂ ਦੇ ਮੁਕਾਬਲੇ ਵਿਚ ਬਹੁਤ ਨੇੜੇ ਦਾ ਧਰਮ ਹੈ। ਪ੍ਰੰਤੂ ਇਸਦਾ ਫ਼ਲਸਫ਼ਾ ਤੇ ਕ੍ਰਾਂਤੀਕਾਰੀ ਇਤਿਹਾਸ ਖ਼ਾਸ ਮਹਾਨਤ ਰਖਦਾ ਹੈ। ਔਰਤ ਬਾਰੇ ਸਿਵਾਇ ਸਿਖ ਧਰਮ ਦੇ, ਉਪਰ ਲਿਖੇ ਸਾਰੇ ਧਰਮਾਂ ਦਾ ਦ੍ਰਿਸ਼ਟੀਕੋਣ ਥੋੜੇ ਬਹੁਤੇ ਫ਼ਰਕ ਨਾਲ ਇਕੋ ਜਿਹਾ ਹੀ ਹੈ—ਭਾਵ, ਖ਼ਾਸ ਖ਼ਾਸ ਬੰਦਸ਼ਾਂ ਦੇ ਅਧੀਨ ਔਰਤ ਨੂੰ ਆਪਣੀ ਸਾਰੀ ਆਯੂ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਔਰਤ ਨੂੰ ਇਹਨਾਂ ਧਰਮਾਂ ਦੇ ਠੇਕੇਦਾਰਾਂ ਨੇ ਦਲਤਾਂ ਨਾਲੋਂ ਵੀ ਵਧ ਨੀਚ ਬਣਾ ਛਡਿਆ ਹੈ।

ਵਿਦਵਾਨਾਂ ਦਾ ਕਥਨ ਹੈ ਕਿ ਕਿਸੇ ਸਮਾਜ ਦੀ ਉਚਾਈ ਮਾਪਣੀ ਹੋਵੇ ਤਾਂ ਦੇਖੋ ਕਿ ਉਹ ਔਰਤ ਨੂੰ ਕੀ ਅਸਥਾਨ ਦਿੰਦਾ ਹੈ? ਸਮਾਜ ਦੇ ਨਿਰੋਏਪਣ ਨਾ ਹੋਣ ਦਾ ਕਾਰਨ ਔਰਤ ਤੇ ਦਬਾਅ ਤੇ ਉਸਨੂੰ ਤੁੱਛ ਸਮਝਣਾ ਹੈ। ਦੁਨੀਆ ਵਿਚ ਇਸਤ੍ਰੀਆਂ ਦੀ ਗਿਣਤੀ ਲਗ ਪਗ ੫੦ ਫ਼ੀ ਸਦੀ ਹੈ, ਪ੍ਰੰਤੂ ਮਨੁੱਖੀ ਅਧਿਕਾਰ ਮਰਦ ਦੇ ਮੁਕਾਬਲੇ ਤੇ ਨਾ ਹੋਇਆਂ ਵਰਗੇ ਹਨ।

ਪਹਿਲੀ ਵਾਰ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਸਦੀਆਂ ਤੋਂ ਦੁਰਕਾਰੀ ਤੇ ਸਤਾਈ ਜਾਂਦੀ ਔਰਤ ਨੂੰ ਸਮਾਜ ਵਿਚ ਉਸਦਾ ਯੋਗ ਅਸਥਾਨ ਦਿਵਾਉਣ ਲਈ ਬੁਲੰਦ ਆਵਾਜ਼ ਵਿਚ ਆਖਿਆ :—

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ॥੨॥੧੯॥ (ਆਸਾ ਦੀ ਵਾਰ)

ਭਾਵ, ਜਿਹੜੀ ਇਸਤ੍ਰੀ ਰਾਜਿਆਂ, ਭਗਤਾਂ, ਫ਼ਿਲਾਸਫ਼ਰਾਂ, ਸੂਰਮਿਆਂ, ਆਦਿ ਨੂੰ ਜਨਮ ਦਿੰਦੀ ਹੈ, ਉਹ ਨੀਚ ਕਿਵੇਂ ਹੋ ਸਕਦੀ ਹੈ? ਗੁਰਦੇਵ ਦਾ ਇਹ ਸਪੱਸ਼ਟ ਮੱਤ ਹੈ ਕਿ ਇਸਤ੍ਰੀ ਜਾਂ ਪੁਰਸ਼ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਵਾਹਿਗੁਰੂ ਦੀ ਦਰਗਾਹ ਵਿਚ ਤਾਂ ਚੰਗੇ ਕਰਮਾਂ ਦਾ ਮੁਲ ਪੈਂਦਾ ਹੈ। ਔਰਤ ਨੂੰ ਵੱਖ ਵੱਖ ਧਰਮਾਂ ਵਲੋਂ ਪਾਈਆਂ ਗੁਲਾਮੀ ਦੀਆਂ ਜ਼ੰਜੀਰਾਂ ਕਟਣ ਲਈ ਗੁਰੂ ਨਾਨਕ ਪਾਤਸ਼ਾਹ ਨੇ ਜਿਹੜਾ ਜਹਾਦ ਸ਼ੁਰੂ ਕੀਤਾ ਸੀ ਉਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਉਤਰ ਅਧਿਕਾਰੀ ਸਤਿਗੁਰਾਂ ਨੇ ਸੰਘਰਸ਼ ਜਾਰੀ ਰਖਿਆ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ—ਇਸਤ੍ਰੀ ਮਰਦ ਦਾ ਸ਼ਿੰਗਾਰ ਨਹੀਂ, ਸਗੋਂ ਸੰਜਮ ਤੇ ਬੰਧੇਜ ਦਾ ਚਿੰਨ੍ਹ ਹੈ—"ਭੰਡਿ ਹੋਵੈ ਬੰਧਾਨੁ" ਗੁਰੂ ਨਾਨਕ ਫ਼ੁਰਮਾਨ ਹੈ।

ਔਰਤ ਨੂੰ ਪਰਦੇ ਵਿਚ ਰਖਣ ਦਾ ਰਿਵਾਜ ਸੀ। ਉਸ ਲਈ ਗੁਰੂ ਅਮਰਦਾਸ ਜੀ ਨੇ ਹੁਕਮ ਦਿਤਾ ਕਿ ਉਜਲੇ ਕਪੜੇ ਪਾ, ਬਗੈਰ ਪਰਦੇ, ਘੁੰਡ ਨਾ ਕੱਢ, ਗੁਰੂ ਦਰਬਾਰ ਵਿਚ ਸੰਗਤ ਵਿਚ ਆਵੇ। ਕਿਸੇ ਪ੍ਰਕਾਰ ਦਾ ਸੰਕੋਚ ਨਾ ਕਰੇ। ਵਿਧਵਾ ਵਿਆਹ ਦੀ ਆਗਿਆ ਗੁਰੂ ਪਾਤਸ਼ਾਹ ਨੇ ਦਿੱਤੀ ਅਤੇ ਅਨੁਆਈਆਂ ਨੇ ਖੁਸ਼ੀ ਖੁਸ਼ੀ ਗੁਰੂ-ਹੁਕਮਾਂ ਦੀ ਪਾਲਣਾ ਕੀਤੀ, ਜਿਹੜੀ ਅਜ ਵੀ ਸਿਖ ਧਰਮ ਨੂੰ ਮੰਨਣ ਵਾਲਿਆਂ ਵਿਚ ਦੇਖੀ ਜਾ ਸਕਦੀ ਹੈ। ਸਤੀ ਦੀ ਪ੍ਰਥਾ ਦਾ ਵਿਰੋਧ ਕਰਦਿਆਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ—

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥੧॥੬॥ (ਪੰਨਾ ੭੮੭)

ਵਕਤ ਦੇ ਹਾਕਮ ਅਕਬਰ ਬਾਦਸ਼ਾਹ ਨੂੰ ਸਤੀ ਦੀ ਰਸਮ ਖਤਮ ਕਰਨ ਲਈ ਪ੍ਰੇਰਿਆ। ਇਥੇ ਹੀ ਬਸ ਨਹੀਂ, ਗੁਰੂ ਸਾਹਿਬ ਨੇ ਸਿਖ ਧਰਮ ਦੇ ਪ੍ਰਚਾਰ ਲਈ ੨੨ ਮੰਜੀਆਂ ਸਥਾਪਤ ਕੀਤੀਆਂ, ਜਿਨ੍ਹਾਂ ਵਿਚੋਂ ਕਈ ਇਸਤ੍ਰੀਆਂ ਵੀ ਸਨ।

ਗੁਰੂ ਅਰਜਨ ਪਾਤਸ਼ਾਹ 'ਔਰਤ ਯਕੀਨਾ', ਫੁਰਮਾਉਂਦੇ ਹਨ। ਇਹ ਵੀ ਆਖਿਆ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਪੁੱਛ ਦੇ ਉੱਤਰ ਵਿਚ "ਔਰਤ ਇਮਾਨ" ਕਿਹਾ ਸੀ।

ਕੇਵਲ ਸਿਖ ਧਰਮ ਹੀ ਇਸਤ੍ਰੀ ਨੂੰ ਮਰਦ ਦੇ ਸਮਾਨ ਦਰਜਾ ਦਿੰਦਾ ਹੈ। ਬਾਕੀ ਦੁਨੀਆ ਦੇ ਧਰਮ ਔਰਤ ਨੂੰ ਅਬਲਾ, ਸੂਦਰ, ਮੂੜ੍ਹ ਤੇ ਜ਼ਹਿਰ ਆਦਿ ਵਿਸ਼ੇਸ਼ਣ ਲਾ ਕੇ ਛੁਟਿਆਉਂਦੇ ਹਨ। ਦਸਵੇਂ ਪਾਤਸ਼ਾਹ ਗੁਰੂ ਗਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਸਮੇਂ ਮਰਦ ਔਰਤ ਵਿਚ ਕੋਈ ਫ਼ਰਕ ਨਹੀਂ ਰਖਿਆ। ਸਿੰਘਾਂ ਤੇ ਬੀਬੀਆਂ ਦੋਹਾਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ' ਸਾਜਿਆ, ਦੋਹਾਂ ਨੂੰ ਪੰਜ ਕਕਾਰੀ ਰਹਿਤ ਪਹਿਨਾ ਕੇ ਵਿਲੱਖਣ ਖ਼ਾਲਸੇ ਦਾ ਰੂਪ ਬਖਸ਼ਿਆ, ਦੋਹਾਂ ਨੂੰ ਇਕੋ ਤਰ੍ਹਾਂ ਦੀ ਰਹਿਤ ਬਖਸ਼ੀ, ਦੋਹਾਂ ਨੂੰ ਸਮਾਨ ਅਧਿਕਾਰ ਬਖਸ਼ੇ। ਦੋਹਾਂ ਨੂੰ ਗੁਰੂ ਦੀ ਸੰਗਤ ਨਾਲ ਮਿਲਣ ਅਤੇ ਬਾਣੀ ਪੜ੍ਹਨ, ਸੁਣਨ ਤੇ ਕੀਰਤਨ ਕਰਨ ਦੀ ਇਕ-ਸਮਾਨ ਖੁਲ੍ਹ ਦਿਤੀ। ਦੋਵੇਂ ਹੀ ਅੰਮ੍ਰਿਤਧਾਰੀ ਖਾਲਸਾ ਹੋ ਕੇ ਸੰਗਤ ਵਿਚ ਸਤਿਗੁਰੂ ਦੀ ਤਾਬਿਆ ਸਜ ਕੇ ਕਥਾ ਵਖਿਆਨ, ਕੀਰਤਨ ਅਤੇ ਅਰਦਾਸ ਕਰ ਕੇ ਸੰਗਤ ਦੀ ਅਗਵਾਈ ਕਰ ਸਕਦੇ ਹਨ। ਸਭ ਕਾਰਜਾਂ ਵਿਚ ਬੀਬੀਆਂ ਸਿੰਘਾਂ ਦੇ ਸਮਾਨ ਹਿੱਸਾ ਲੈ ਸਕਦੀਆਂ ਹਨ। ਇਥੋਂ ਤਕ ਕਿ ਲੋੜ ਪੈ ਜਾਵੇ ਤਾਂ ਕੋਈ ਤਿਆਰ-ਬਰ-ਤਿਆਰ ਬੀਬੀ ਵੀ ਪੰਜ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਹੋ ਸਕਦੀ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ "ਭਾਗੋ ਮਈ" ਦੀ ਐਂਟਰੀ ਸਾਹਮਣੇ ਲਿਖਦੇ ਹਨ– "ਸੰਮਤ ੧੭੬੨ ਵਿਚ ਭਾਗੋ ਮਾਈ ਸਿੰਘਾਂ ਨਾਲ ਸ਼ਾਮਿਲ ਹੋ ਕੇ ਮੁਕਤਸਰ ਦੇ ਜੰਗ ਵਿਚ ਵਡੀ ਬਹਾਦਰੀ ਨਾਲ ਲੜੀ ਅਤੇ ਬਹੁਤ ਘਾਇਲ ਹੋਈ। ਦਸਮੇਸ਼ ਜੀ ਨੇ ਇਲਾਜ ਕਰਵਾ ਕੇ ਰਾਜੀ ਕੀਤਾ ਅਤੇ ਅੰਮ੍ਰਿਤ ਛਕਾ ਭਾਗ ਕੌਰ ਬਣਾਈ।"

ਇਸ ਵਿਲੱਖਣ ਰਹਿਤ-ਰਹਿਣੀ ਤੇ ਗੁਰਸਿੱਖੀ ਕਾਰ ਸਾਸ ਗਰਾਸ ਕਰਨ ਦੇ ਤੁਫ਼ੈਲ ਹੀ, ਸਿੰਘਣੀਆਂ ਵੀ ਬੀਰ ਰਸ ਨਾਲ ਸੰਪੂਰਤ ਹੋ ਕੇ, ਸਿੰਘ ਵੀਰਾਂ ਦੇ ਨਾਲ ਸ਼ਾਨਾ-ਬ-ਸ਼ਾਨਾ ਹੋ ਕੇ ਜੰਗਾਂ ਜੁਧਾਂ ਵਿਚ ਜ਼ਾਲਮਾਂ ਸੰਗ ਲੜਦੀਆਂ ਤੇ ਜੂਝਦੀਆਂ ਰਹੀਆਂ ਅਤੇ ਹਰ ਬਿਪਤਾ ਸਮੇਂ ਚੜ੍ਹਦੀਆਂ ਕਲਾ ਵਿਚ ਰਹਿ ਕੇ ਖਾਲਸੇ ਦਾ ਕਰਤੱਵ ਨਿਭਾਂਦੀਆਂ ਰਹੀਆਂ। ਕੁਝ ਕੁ ਇਤਿਹਾਸਕ ਹਵਾਲੇ ਪਾਠਕਾਂ ਦੀ ਜਾਣਕਾਰੀ ਲਈ ਹਾਜ਼ਰ ਹਨ:–

੧. ਸ: ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਦੀਵਾਨਾਂ ਵਿਚ ਕੀਰਤਨ ਕਰਦੀ ਹੁੰਦੀ ਸੀ।

੨. ਸ: ਗੁਰਬਖਸ਼ ਸਿੰਘ ਦੀ ਪਤਨੀ ਸਦਾ ਕੌਰ ਨੇ ਇਕ ਐਸੇ ਖੇਤਰ ਵਿਚ ਰਾਜ ਕੀਤਾ ਜਿਹੜਾ ਕਨ੍ਹਈਆ ਮਿਸਲ ਦੇ ਕਬਜ਼ੇ ਵਿਚ ਸੀ। ਉਸਨੇ ਲੜਾਈ ਵਿਚ ਆਪਣੀਆਂ ਫੌਜਾਂ ਦੀ ਅਗਵਾਈ ਕੀਤੀ।

੩. ਮਹਾਰਾਜਾ ਰਣਜੀਤ ਸਿੰਘ ਦੀ ਕਾਮਯਾਬੀ ਦਾ ਰਾਜ਼ ਵੀ ਸਦਾ ਕੌਰ ਦੀ ਸਿਆਸੀ ਤੇ ਫੌਜੀ ਸੂਝ ਬੂਝ ਹੀ ਸੀ।

੪. ੧੭੯੩ ਵਿਚ ਸਾਹਿਬ ਕੌਰ ਨੂੰ ਪਟਿਆਲੇ ਰਿਆਸਤ ਦਾ ਮੁਖ ਮੰਤਰੀ ਬਣਾਇਆ ਗਿਆ ਸੀ।

੫. ਬੀਬੀ ਆਸ ਕੌਰ ਨੂੰ ਪਟਿਆਲੇ ਰਿਆਸਤ ਦੇ ਪ੍ਰਬੰਧ ਦਾ ਮੁਖੀ ਲਾਇਆ ਗਿਆ ਸੀ।

੬. ਜਾਰਜ ਥਾਮਸ 'ਆਪਣੀਆਂ ਯਾਦਾਂ' ਪੁਸਤਕ ਪੰਨਾ ੭੫ ਤੇ ਲਿਖਦਾ ਹੈ, "ਇਹੋ ਜਿਹੀਆਂ ਮਿਸਾਲਾਂ ਆਮ ਮਿਲਦੀਆਂ ਹਨ ਜਿਥੇ ਉਹਨਾਂ (ਸਿਖ ਇਸਤ੍ਰੀਆਂ) ਨੇ ਦੁਸ਼ਮਣਾਂ ਤੋਂ ਆਪਣੇ ਘਰਾਂ ਦੀ ਰਾਖਾ ਕਰਨ ਲਈ ਹਥਿਆਰ-ਬੰਦ ਮੁਕਾਬਲਾ ਕੀਤਾ। ਉਹ ਜੰਗਾਂ ਵਿਚ ਬਹੁਤ ਸ਼ਲਾਘਾ ਯੋਗ ਹੌਸਲੇ ਦਾ ਸਬੂਤ ਦਿੰਦੀਆਂ ਰਹੀਆਂ।"

ਅਫ਼ਸੋਸ ਦੀ ਗੱਲ ਹੈ ਕਿ ਸਿਖ ਇਤਿਹਾਸ ਵਿਚ ਬੀਬੀਆਂ ਨੂੰ ਸਨਮਾਨ ਯੋਗ ਅਸਥਾਨ ਪ੍ਰਾਪਤ ਹੋਣ ਦੇ ਬਾਵਜੂਦ ਵੀ ਅੱਜ ਉਹ ਪਛੜੀਆਂ ਹੋਈਆਂ ਹਨ ਅਤੇ ਬ੍ਰਾਹਮਣਵਾਦੀ ਅਸਰ ਹੇਠ ਸਿਖ ਕੌਮ ਦੇ ਮਹਾਨ ਵਿਰਸੇ


www.AKJ.Org

ਤੋਂ ਟੁਟੀਆਂ ਹੋਈਆਂ ਹਨ। ਇਸ ਦਾ ਕਾਰਨ ਇਹੋ ਹੈ ਕਿ ਸਤਿਗੁਰੂ ਦੀ ਬਖ਼ਸ਼ੀ ਤੇ ਦ੍ਰਿੜ੍ਹ ਕਰਾਈ ਰਹਿਤ ਰਹਿਣੀ ਅਤੇ ਵਿਲੱਖਣ ਸਰੂਪ ਤੋਂ ਉਹ ਵਾਂਞੀਆਂ ਰਹੀਆਂ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ 'ਸਿੰਘਾਂ ਦਾ ਪੰਥ ਨਿਰਾਲਾ' ਟ੍ਰੈਕਟ ਵਿਚ ਲਿਖਦੇ ਹਨ—

"ਜਿਸ ਦਸਮੇਸ਼ ਜੀ ਨੇ ਸਿੰਘਾਂ ਸਦਰਸ਼ ਹੀ ਰਹਿਤਵਾਨ ਸਜਾ ਕੇ ਸਿੰਘਣੀਆਂ ਨੂੰ ਸਮਸਰ ਮਰਾਤਬੇ ਤੇ ਪ੍ਰਮਾਰਥੀ ਮਰਾਤਬੇ ਤੇ ਰਖਿਆ, ਅਫ਼ਸੋਸ ਕਿ ਉਸ ਸ੍ਰੀ ਦਸਮੇਸ਼ ਸੱਚੇ ਪਾਤਸ਼ਾਹ ਦੇ ਹੁਕਮਾਂ ਤੋਂ ਬੇਮੁਖ ਹੋ ਕੇ ਅੱਜ ਸ੍ਰੀ ਦਸਮੇਸ਼ ਦੀਆਂ ਸਰਫ਼ਰਾਜ਼ ਕੀਤੀਆਂ ਸਰਦਾਰਨੀਆਂ ਬਣਾਈਆਂ ਸਿੰਘਣੀਆਂ ਭੁਝੰਗਣਾਂ ਅਨਮਤਣਾਂ ਵਤ ਹੀ ਫ਼ੈਸ਼ਨ-ਪ੍ਰਸਤੀ ਦੇ ਖਲਜਗਣ ਵਿਚ ਖੱਜਲ ਹੋ ਰਹੀਆਂ ਹਨ ਅਤੇ ਬੇਸ਼ਅਊਰ ਅਖਉਤੀ ਸਿਖੜੇ ਆਪਣੀਆਂ ਇਸਤ੍ਰੀਆਂ ਧੀਆਂ ਭੈਣਾਂ ਨੂੰ ਪਟੋਲੇ ਬਣਾ ਕੇ, ਘਿਰਣਾ ਯੋਗ ਵੇਸ ਪਹਿਨਾ ਕੇ ਫੂਲੇ ਨਹੀਂ ਸਮਾਉਂਦੇ।.....

"ਅਸਾਡੀਆਂ ਗੁਰੂ ਘਰ ਦੀਆਂ ਸਦਾਉਣ ਵਾਲੀਆਂ ਯੁਵਤੀਆਂ ਇਸ ਨਿਰੇ ਲੁੱਚਪੁਣੇ ਵਾਲੇ ਵੇਸ ਨੂੰ ਤਾਂ ਮਨ-ਮੰਨੀ ਵਡਿਆਈ ਸਮਝਦੀਆਂ ਹਨ, ਪਰ ਜੇ ਉਨ੍ਹਾਂ ਨੂੰ ਕਹੋ ਕਿ ਗੁਰੂ ਕੀ ਰਹਿਤ ਰਖੋ, ਸਾਦ-ਮੁਰਾਦੇ ਗੁਰਮੁਖੀ ਬਾਣੇ ਓਢੋ, ਸੀਸ ਤੇ ਦਸਤਾਰ ਸਜਾਓ ਤਾਂ ਸੌ ਘੜਾ ਪਾਣੀ ਦਾ ਉਨ੍ਹਾਂ ਦੇ ਸਿਰ ਤੇ ਪੈ ਜਾਂਦਾ ਹੈ। ਤਾਂ ਤੇ ਮਨ ਦੀ ਮੱਤ ਦੀ ਸਿੱਖੀ ਹੋਈ, ਗੁਰਮਤਿ ਗੁਰੂ ਦੀ ਸਿੱਖੀ ਤਾਂ ਨਾ ਹੋਈ। ਉਨ੍ਹਾਂ ਨੇ ਗੁਰੂ ਘਰ ਦੇ ਇਤਿਹਾਸ ਪੜ੍ਹੇ ਹੋਣ ਤਾਂ ਉਨ੍ਹਾਂ ਨੂੰ ਪਤਾ ਲਗੇ ਕਿ ਕਿਵੇਂ ਅਸਾਡੀਆਂ ਪੁਰਾਤਨ ਮਾਵਾਂ ਭੈਣਾਂ ਜੁਧਾਂ ਜੰਗਾਂ ਵਿਚ ਆਪਣੇ ਸੂਰਬੀਰ ਸਿੰਘ ਵੀਰਾਂ ਦੇ ਸੰਗ ਸਾਥ ਮੋਢੇ ਨਾਲ ਮੋਢਾ ਡਾਹ ਕੇ, ਸੀਸਾਂ ਤੇ ਦੁਮਾਲੇ (ਦਸਤਾਰੇ) ਸਜਾ ਕੇ ਅਤੇ ਅਰਾਕਿਆਂ ਤੇ ਸਵਾਰ ਹੋ ਕੇ ਦੁਸ਼ਮਣਾਂ ਦਾ ਮੁਕਾਬਲਾ ਕਰਦੀਆਂ ਰਹੀਆਂ ਅਤੇ ਦਿਗ ਬਿਜੈ (ਫਤਹ) ਹਾਸਲ ਕਰਦੀਆਂ ਰਹੀਆਂ। ਅੱਜ ਕਲ੍ਹ ਦੀਆਂ ਕਿਰਾੜ-ਫੈਸ਼ਨ-ਗੁੱਡੀਆਂ ਪਟੋਲੜੀਆਂ ਐਸਾ ਕਰ ਸਕਦੀਆਂ ਹਨ? ਕਦਾਚਿਤ ਨਹੀਂ। .. ...

"ਆਹ! ਕੈਸੀ ਅਧੋਗਤੀ ਵਾਲੀ ਗੱਲ ਹੈ ਕਿ ਜਿਸ ਖਾਲਸਾ ਕੌਮ ਦੇ ਸੂਰਬੀਰ ਸਿੰਘਾਂ ਅਤੇ ਸਿੰਘਣੀਆਂ ਨੇ ਮਜ਼ਲੂਮ ਹਿੰਦੂਆਂ ਦੀਆਂ ਅਬਲਾਵਾਂ ਨੂੰ ਛੁਡਾ ਕੇ ਲਿਆਉਣਾ ਸੀ, ਉਹ ਨਸਲ ਅੱਜ ਕਲ੍ਹ ਅਜਿਹੀ ਖੱਸੀ ਅਤੇ ਨਾਮਰਦ ਹੋਈ ਕਿ ਆਪਣੀਆਂ ਅਤੇ ਗੈਰ-ਮਜ਼ਲੂਮਾਂ ਨੂੰ ਜਰਵਾਣਿਆਂ ਦੀ ਕੈਦ ਤੋਂ ਛੁਡਾ ਕੇ ਲਿਆਉਣ ਦੀ ਹਿੰਮਤ ਨਹੀਂ ਰਖਦੇ। ਖ਼ਾਲਸਈ ਜਜ਼ਬਾ ਹੀ ਨਹੀਂ ਰਿਹਾ। ਨਿਪੁੰਸਕ ਸ਼ਾਂਤਮਈ ਦੇ ਅਕੀਦਤਮੰਦ ਹੋ ਰਹੇ ਹਨ। ਸ੍ਰੀ ਦਸਮੇਸ਼ ਦਰਸਾਈ ਰਹਿਤ ਰਹਿਣੀ ਦੇ ਕਾਇਲ ਹੀ ਨਹੀਂ ਰਹੇ। ਗੁਰਮਤਿ ਉਚ-ਐਜੀ ਸੂਰਮਤਾ ਹੀ ਨਹੀਂ ਰਹੀ। ਨਾਮ ਬਾਣੀ ਦੀ ਕਮਾਈ ਦੇ ਆਤਮ-ਕਲਾ ਸੰਧੂਰੇ ਜੀਵਨ ਹੀ ਨਹੀਂ ਰਹੇ। ਕੁਰਬਾਨੀ ਦੇ ਮਾਦੇ ਹੀ ਨਹੀਂ ਰਹੇ। ਮਾਦਾ-ਪ੍ਰਸਤੀ ਦੇ ਦੁਬੇਲ ਬਣ ਰਹੇ ਹਨ। ਗੁਰੂ ਘਰ ਦੀ ਰਹਿਤ ਬਹਿਤ ਨੂੰ ਰਖਣਾ ਉਹ ਆਰ ਅਤੇ ਨੀਵਾਂ ਸੁਆਰ ਸਮਝਦੇ ਹਨ। ਵਜ਼ੀਰੀਆਂ ਅਮੀਰੀਆਂ ਦੇ ਚਸਕੇ ਵਾਲਿਆਂ ਅੰਦਰ ਕੁਰਬਾਨੀ ਦਾ ਜਜ਼ਬਾ ਰਹਿੰਦਾ ਹੀ ਨਹੀਂ। ਇਹ ਤਾਂ ਸ੍ਰੀ ਦਸਮੇਸ਼ ਪਿਤਾ ਦੇ ਦਰਸਾਏ ਪੂਰਨਿਆਂ ਉਤੇ ਚਲ ਕੇ ਹੀ ਰਹਿ ਸਕਦਾ ਹੈ। ਫ਼ੈਸ਼ਨ-ਪ੍ਰਸਤ ਸਿੱਖਾਂ ਨੇ ਪੰਥ ਦਾ ਅਰਧ-ਅੰਗ (ਅੱਧਾ ਹਿੱਸਾ) ਤਾਂ ਕਟਾ ਕੇ ਕੁਟਲਤਾ ਦਾ ਵੇਸਧਾਰੀ ਬਣਾ ਦਿਤਾ ਹੈ। ਸਿੰਘਣੀਆਂ ਵਾਲੀ ਰਹਿਤ ਤੋਂ ਸੁੰਞੀਆਂ ਵਾਂਞੀਆਂ ਮਾਵਾਂ ਕਦੇ ਸੂਰਬੀਰਤਾ ਵਾਲੀ ਸਪਿਰਟ ਭਰੀ ਸੰਤਾਨ ਪੈਦਾ ਕਰ ਸਕਦੀਆਂ ਹਨ? ਕਦਾਚਿਤ 'ਨਹੀਂ'।"

---

## ਕੋਈ ਸੂਚਨਾ ਪ੍ਰਵਾਨਗੀ ਬਿਨਾਂ ਨਾ ਛਾਪੀ ਜਾਏ

ਵੇਖਣ ਵਿਚ ਆਇਆ ਹੈ ਕਿ ਕੁਝ ਸੱਜਣਾਂ ਵਲੋਂ ਸਮੇਂ ਸਮੇਂ ਕੀਰਤਨ-ਸਮਾਗਮਾਂ ਸੰਬੰਧੀ, ਕੁਝ ਸੂਚਨਾਵਾਂ ਇਸ਼ਤਿਹਾਰਾਂ ਰਾਹੀਂ ਆਪਣੇ ਤੌਰ ਤੇ ਜਥੇਦਾਰ ਅਖੰਡ ਕੀਰਤਨੀ ਜਥੇ ਦੇ ਨਾਂ ਥਲੇ, ਮੇਰੀ ਗਿਆਤ ਅਤੇ ਪ੍ਰਵਾਨਗੀ ਤੋਂ ਬਗੈਰ ਹੀ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। ਇਹ ਪ੍ਰਥਾ ਅਨੁਚਿਤ ਹੈ।

ਅਗੇ ਤੋਂ ਮੇਰੇ ਨਾਂ ਥਲੇ ਕੋਈ ਸੂਚਨਾ, ਮੇਰੀ ਪ੍ਰਵਾਨਗੀ ਲਏ ਬਗੈਰ ਕਿਸੇ ਰੂਪ ਵਿਚ ਪ੍ਰਕਾਸ਼ਤ ਨਾ ਕੀਤੀ ਜਾਵੇ। ਖਾਲਸਾ ਜੀ ਦਾ ਸੇਵਕ—ਰਾਮ ਸਿੰਘ ਜਥੇਦਾਰ, ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)

# ਇਕ ਭੁਲੇਖੇ ਦਾ ਸਮਾਧਾਨ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਬਿਹਾਗੜਾ ਵਿਚ ੧੨ਵੀਂ ਪਉੜੀ ਦੇ ਨਾਲ ਤਿੰਨ ਸਲੋਕ ਦਿਤੇ ਹੋਏ ਹਨ। ਛਾਪੇ ਦੀਆਂ ਬੀੜਾਂ ਵਿਚ ਪਹਿਲੇ ਸਲੋਕ ਦਾ ਸਿਰਲੇਖ ਹੈ—

"ਸਲੋਕ ਮਰਦਾਨਾ ੧", ਦੂਜੇ ਦਾ "ਮਰਦਾਨਾ ੧", ਅਤੇ ਤੀਜੇ ਸਲੋਕ ਉਪਰ ਕੋਈ ਸਿਰਲੇਖ ਨਹੀਂ ਹੈ। ਪਹਿਲੇ ਸਲੋਕ ਦੀ ਅੰਤਲੀ ਤੁਕ ਵਿਚ 'ਨਾਨਕ' ਮੁਹਰ-ਛਾਪ ਦੀ ਇਉਂ ਵਰਤੋਂ ਮਿਲਦੀ ਹੈ—

ਗੁਰਮੁਖਿ ਪਾਈਐ 'ਨਾਨਕਾ' ਖਾਧੈ ਜਾਹਿ ਬਿਕਾਰ ॥੧॥੨੧॥ (੫੫੩)

ਦੂਜੇ ਸਲੋਕ ਵਿਚ ਦੋ ਵਾਰੀ, ਪਹਿਲਾਂ ਦੂਜੀ ਤੁਕ ਵਿਚ ਅਤੇ ਫਿਰ ਆਖ਼ਰੀ ਤੁਕ ਵਿਚ 'ਨਾਨਕ' ਮੁਹਰ-ਛਾਪ ਦੀ ਵਰਤੋਂ ਇਸ ਪ੍ਰਕਾਰ ਕੀਤੀ ਹੋਈ ਹੈ—

ਇਤੁ ਮਦਿ ਪੀਤੈ 'ਨਾਨਕਾ' ਬਹੁਤੇ ਖਟੀਅਹਿ ਬਿਕਾਰ ॥ ..

'ਨਾਨਕ' ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥੨੧॥ (੫੫੩)

ਤੀਜੇ ਸਲੋਕ ਉਪਰ ਨਾ ਸਿਰਲੇਖ ਹੈ ਅਤੇ ਨਾ ਦੋਹਾਂ ਤੁਕਾਂ ਵਿਚ ਹੀ ਲਿਖਾਰੀ ਦੀ ਮੁਹਰ-ਛਾਪ ਹੈ।

ਇਨ੍ਹਾਂ ਸਲੋਕਾਂ ਨੂੰ ਵਿਚਾਰੇ ਬਿਨਾਂ ਅਤੇ ਪੁਰਾਤਨ ਹੱਥ-ਲਿਖਤੀ ਬੀੜਾਂ ਤੋਂ ਦੇਖੇ ਬਿਨਾਂ ਸਾਡੇ ਬਹੁਤ ਸਾਰੇ ਵਿਦਵਾਨ ਇਨ੍ਹਾਂ ਤਿੰਨਾਂ ਸਲੋਕਾਂ ਨੂੰ ਭਾਈ ਮਰਦਾਨਾ ਜੀ ਦੇ ਸਲੋਕ ਦਸੀ ਜਾਂਦੇ ਹਨ ਅਤੇ ਆਪਣੀਆਂ ਲਿਖਤੀ ਵਿਚ ਭਗਤਾਂ, ਭੱਟਾਂ ਆਦਿ ਦੀ ਬਾਣੀ ਦੇ ਗਿਣਤੀ-ਅੰਕੜੇ ਦਿੰਦਿਆਂ ਇਹ ਤਿੰਨ ਸਲੋਕ ਭਾਈ ਮਰਦਾਨਾ ਜੀ ਦੇ ਨਾਂ ਥਲੇ ਦੇਈ ਜਾਂਦੇ ਹਨ, ਜੋ ਕਿ ਗੁਰਮਤਿ-ਕਸੌਟੀ ਅਨੁਸਾਰ ਠੀਕ ਨਹੀਂ।

ਵਿਚਾਰਨ ਵਾਲੀ ਗੱਲ ਇਹੋ ਹੈ ਕਿ 'ਨਾਨਕ' ਮੁਹਰ-ਛਾਪ ਹੇਠ ਉਹੀ ਬਾਣੀ ਹੋ ਸਕਦੀ ਹੈ ਜੋ ਗੁਰੂ ਨਾਨਕ ਸਾਹਿਬ ਜੀ ਕ੍ਰਿਤ ਹੈ, ਜਾਂ ਉਨ੍ਹਾਂ ਦੇ ਉਤਰਾਧਿਕਾਰੀ ਸਤਿਗੁਰਾਂ ਦੀ, ਜਿਨ੍ਹਾਂ ਨੂੰ ਸਤਿਗੁਰੂ ਟਿਕਿਆ ਗਿਆ ਹੈ। ਹੋਰ ਕਿਸੇ ਭਗਤ ਜਾਂ ਕਿਸੇ ਭੱਟ ਜਾਂ ਕਿਸੇ ਵੀ ਸਤਿਗੁਰੂ ਦੇ ਅਤਿ ਪਿਆਰੇ ਨਿਕਟ-ਵਰਤੀ ਸਿਖ ਨੂੰ ਆਪਣੀ ਬਾਣੀ ਵਿਚ 'ਨਾਨਕ' ਮੁਹਰ-ਛਾਪ ਵਰਤਣ ਦਾ ਅਧਿਕਾਰ ਕਦਾਚਿਤ ਨਹੀਂ ਹੋ ਸਕਦਾ।

ਉਪਰਲੇ ਸਲੋਕਾਂ ਵਿਚ "ਸਲੋਕ ਮਰਦਾਨਾ ੧" ਸਿਰਲੇਖ ਹੇਠ ਦਿਤੇ ਸਲੋਕਾਂ ਵਿਚ 'ਨਾਨਕ' ਮੁਹਰ-ਛਾਪ ਲਗੀ ਹੋਈ, ਇਸ ਤੱਥ ਦੀ ਸੂਚਕ ਹੈ ਕਿ ਇਹ ਬਾਣੀ ਭਾਈ ਮਰਦਾਨਾ ਜੀ ਦੀ ਨਹੀਂ, ਸਗੋਂ "ਗੁਰੂ ਨਾਨਕ ਸਤਿਗੁਰੂ" ਦੀ ਹੈ।

ਹੱਥ-ਲਿਖਤ ਬੀੜਾਂ ਤੋਂ ਖੋਜ-ਪੜਤਾਲ ਕੀਤੇ ਜਾਣ ਤੇ ਕਈ ਹੱਥ-ਲਿਖਤ ਬੀੜਾਂ ਵਿਚ ਇਨ੍ਹਾਂ ਸਲੋਕਾਂ ਦੇ ਸਿਰਲੇਖ ਕ੍ਰਮਵਾਰ "ਸਲੋਕ ਮ: ੧ ਮਰਦਾਨਾ", "ਮ: ੧ ਮਰਦਾਨਾ" ਅਤੇ "ਮ: ੧" ਅੰਕਿਤ ਮਿਲਦੇ ਹਨ।

ਸੰਭਵ ਹੈ ਇਹ ਸਲੋਕ ਭਾਈ ਮਰਦਾਨਾ ਜੀ ਪ੍ਰਤੀ ਉਚਾਰੇ ਗਏ ਹੋਣ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੨੫੩ ਉਤੇ ਸਾਰੰਗ ਰਾਗ ਦੀ ਭਗਤ ਬਾਣੀ ਵਿਚ ਸ਼ਬਦ ਹੈ: "ਸਾਰੰਗ ਮਹਲਾ ੫ ਸੂਰਦਾਸ"। ਇਹ ਸ਼ਬਦ ਮਹਲਾ ੫ ਦਾ ਭਗਤ ਸੂਰਦਾਸ ਜੀ ਪ੍ਰਤੀ ਹੈ।

ਸੋ ਇਸ ਭੁਲੇਖੇ ਤੋਂ ਬਚਣ ਅਤੇ ਪੂਰਨ ਤੌਰ ਤੇ ਦ੍ਰਿੜ੍ਹ ਕਰਨ ਦੀ ਲੋੜ ਹੈ ਕਿ ਬਿਹਾਗੜਾ ਰਾਗ ਦੀ ਵਾਰ ਵਿਚਲੇ ਤਿੰਨ ਸਲੋਕ ਭਾਈ ਮਰਦਾਨਾ ਜੀ ਦੇ ਨਹੀਂ, ਸਗੋਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਖਾਰਬਿੰਦ ਬਾਣੀ ਦੇ ਹਨ।


www.AKJ.Org

# ਅਮਰ ਸ਼ਹੀਦ ਗੁਰੂ ਅਰਜਨ ਦੇਵ ਜੀ

[ਗਿਆਨੀ ਗੋਪਾਲ ਸਿੰਘ 'ਮਿਤਰ' ੯੯-ਬਸਈ ਰੋਡ, ਗੁੜਗਾਉਂ]

ਸੋਢੀ ਪਾਤਸ਼ਾਹ ਤੇਰੀ ਤਾਰੀਫ਼ ਅੰਦਰ, ਕਿਥੋਂ ਲੈ ਕੇ ਸ਼ਬਦ-ਭੰਡਾਰ ਲਿੱਖਾਂ !
ਲਿਖਾਂ ਦਇਆ-ਸਾਗਰ, ਲਿਖਾਂ ਦੇਸ਼-ਦਰਦੀ, ਤੈਨੂੰ ਦੇਸ਼ ਦਾ ਸ਼ਾਂਤਿ ਅਵਤਾਰ ਲਿਖਾਂ !
ਐ ਦਾਤਾਰ ! ਕੁਰਬਾਨੀ ਦੇ ਪੁੰਜ, ਤੇਰਾ ਆਪਾ ਵਾਰਨ ਦਾ ਕਿਵੇਂ ਵਿਸਥਾਰ ਲਿਖਾਂ !
ਤੇਰਾ ਸਾਨੀ ਨਾ ਲਭੇ ਇਤਿਹਾਸ ਵਿਚੋਂ, ਕੇਹੜੇ ਕੇਹੜੇ ਮੈਂ ਤੇਰੇ ਉਪਕਾਰ ਲਿਖਾਂ !
ਭਾਰਤ-ਦੇਸ਼ ਦੇ ਲਿਖੇ ਇਤਿਹਾਸ ਅੰਦਰ, ਤੇਰੇ ਜੀਵਨ ਦਾ ਸੁਰਨ-ਮਈ ਬਾਬ ਲਿਖਿਆ ।
ਕਣ ਕਣ ਉਤੇ ਤਿਆਗ ਵਾਲਾ, ਜੋ ਕੁਝ ਲਿਖਿਆ ਏ ਬੇ-ਹਿਸਾਬ ਲਿਖਿਆ ।
ਤੱਤੀ ਤਵੀ ਤੇ ਆਸਣ ਲਗਾ ਕੇ ਤੇ, ਰੇਤਾਂ ਤੱਤੀਆਂ ਸੀਸ ਪੁਆਈ ਜਾਣਾ ।
ਤੇਰਾ ਹੌਸਲਾ ਸੀ ਦੁੱਖ ਜਰੀ ਜਾਣਾ, ਅਤੇ ਭਾਣੇ ਵਿਚ ਸ਼ੁਕਰ ਮਨਾਈ ਜਾਣਾ ।
ਅਨੰਦ ਰਹਿ ਰੱਬੀ ਰਜ਼ਾ ਅੰਦਰ, ਨਾਮ-ਸਾਗਰ ਵਿਚ ਤਾਰੀਆਂ ਲਾਈ ਜਾਣਾ ।
ਧਰਮ-ਯੁੱਧ ਵਿਚ ਕਰਦਿਆਂ ਸੀਸ ਸਦਕੇ, ਮੂੰਹੋਂ ਗੀਤ ਗੋਬਿੰਦ ਦੇ ਗਾਈ ਜਾਣਾ ।
ਜਾਗ ਪਏ ਜਜ਼ਬੇ, ਰੌਸ਼ਨ ਹੋਏ ਹਿਰਦੇ, ਤੇਰੀ ਜੋਤਿ ਨੇ ਚਾਨਣ ਖਲੇਰ ਦਿੱਤਾ ।
'ਮਿੱਤਰ' ਤੇਰੇ ਤਿਆਗ ਨੇ ਜੱਗ ਅੰਦਰ, ਹੋਕਾ ਮਰਦਊ-ਪੁਣੇ ਦਾ ਫੇਰ ਦਿੱਤਾ ।
ਵਰਣਨ ਕਰਦਿਆਂ ਕਾਲਜਾ ਮੂੰਹ ਆਵੇ, ਦੁੱਖ ਜਿਹੋ ਜਹੇ ਦਾਤਿਆ ! ਜਰ ਗਇਓਂ ਤੂੰ ।
ਅਰਸ਼ੀ ਦਾਤਿਆ ! ਮਾਨਵਤਾ ਰਾਹ ਉੱਤੇ, ਦੀਵਾ ਬਾਲ ਸ਼ਹਾਦਤ ਦਾ ਧਰ ਗਇਓਂ ਤੂੰ ।
ਰੌਸ਼ਨ ਹੋ ਗਏ ਰਾਹ ਮਰਜੀਉੜਿਆਂ ਲਈ, ਅਮਰ ਜਿਨ੍ਹਾਂ ਨੂੰ ਸਦਾ ਲਈ ਕਰ ਗਇਓਂ ਤੂੰ ।
ਦੌਰ ਚਲ ਪਿਆ ਤਿਆਗ ਕੁਰਬਾਨੀਆਂ ਦਾ, ਬਲ ਸਾਹਸ ਅਨੋਖਾ ਹੀ ਭਰ ਗਇਓਂ ਤੂੰ ।
ਭਾਰਤ-ਵਾਸੀਆਂ ਨੂੰ ਕਦੀ ਭੁੱਲ ਕੇ ਵੀ, ਭੁੱਲ ਸਕਦੇ ਨਹੀਂ ਅਹਿਸਾਨ ਤੇਰੇ ।
ਪਰਲੋ ਤੀਕ ਵੀ 'ਮਿਤਰ' ਸੰਸਾਰ ਅੰਦਰ, ਰਹਿਸਨ ਚਮਕਦੇ ਸਦਾ ਨਿਸ਼ਾਨ ਤੇਰੇ ।

# ਦੇਸ ਪ੍ਰਦੇਸ ਦੇ ਅਮਾਨਤੀ ਲਾਈਫ਼ ਮੈਂਬਰ

ਸੂਰਾ ਦੇ ਅਮਾਨਤੀ ਲਾਈਫ਼ ਮੈਂਬਰਾਂ ਦੇ ਪਰਚਿਆਂ ਉਪਰ ਲੱਗੀਆਂ ਐਡਰੈਸ ਚਿੱਟਾਂ ਤੇ ਲਾਲ ਸਿਆਹੀ ਨਾਲ ਲਿਖੀਆਂ ਰਕਮਾਂ ਉਨ੍ਹਾਂ ਪਾਠਕਾਂ ਵਲ ਨਿਕਲਦੇ ਸੂਰਾ ਦੇ ਬਕਾਏ ਦਰਸਾਉਂਦੀਆਂ ਹਨ । ਕਿਰਪਾ ਕਰਕੇ ਇਹ ਬਕਾਏ ਛੇਤੀ ਭੇਜੋ ਜੀ । ਨਹੀਂ ਤਾਂ ਸਾਨੂੰ ਅਮਾਨਤੀ ਲਾਈਫ਼ ਮੈਂਬਰਸ਼ਿਪ ਖਤਮ ਕਰਨ ਲਈ ਮਜਬੂਰ ਹੋਣਾ ਪਏਗਾ ਜੀ । ਅਸੀਂ ਕਈ ਵਾਰ ਇਹ ਚਿਤਾਵਣੀ ਦੇ ਚੁਕੇ ਹਾਂ ਜੀ ।

# ਅਖੰਡ ਕੀਰਤਨੀ ਜਥਾ ਕੈਨੇਡਾ ਵਲੋਂ

ਦੇਸ-ਪ੍ਰਦੇਸ ਦੇ ਗੁਰਦੁਆਰਿਆਂ ਤੇ ਸਿਖ ਸੁਸਾਇਟੀਆਂ ਦੇ ਨਾਮ ਸੂਰਾ ਮਾਸਕ ਪੱਤਰ ਸਮੁੰਦਰੀ ਡਾਕ ਰਾਹੀਂ ਚੰਦੇ ਕਰ ਕੇ ਇਕ ਸਾਲ ਲਈ ਜਾਰੀ ਕਰਵਾਏ ਗਏ ਹਨ । ਗੁਰਮਤਿ ਪਰਚਾਰ ਹਿਤ ਇਹ ਸੇਵਾ ਕੈਨੇਡਾ ਦੇ ਅਖੰਡ ਕੀਰਤਨੀ ਜਥੇ ਵਲੋਂ ਬਹੁਤ ਸ਼ਲਾਘਾ ਯੋਗ ਹੈ । ਅਗੋਂ ਲਈ ਆਪ ਜੀ ਖ਼ੁਦ ਚੰਦਾ ਭਰ ਕੇ ਪਰਚਾ ਜਾਰੀ ਰਖ ਸਕੋਗੇ ਜੀ । ਚੰਦਿਆਂ ਦਾ ਵੇਰਵਾ ਪੰਨਾ ਨੰ: ੩ ਉਪਰ ਦਿਤਾ ਹੋਇਆ ਹੈ ਜੀ ।

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ ਲੁਧਿਆਣਾ | ੨੦੦-੦੦ | ਸ: ਮੇਜਰ ਸਿੰਘ ਤੁੰਗਵਾਲੀ | ੧੦੦-੦੦ |
| ਸ: ਪ੍ਰੀਤਮ ਸਿੰਘ ਬਜਾਜ ਅੰਮ੍ਰਿਤਸਰ | ੨੦੦-੦੦ | ਸੂਬੇਦਾਰ ਰਾਮ ਸਿੰਘ ਸਰਾਭਾ | ੧੫੦-੦੦ |
| ਅਖੰਡ ਕੀਰਤਨੀ ਜਥਾ ਬਠਿੰਡਾ | ੨੦੦੦-੦੦ | ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ |
| ਗੁਪਤ ਸੇਵਾ | ੫੦੦-੦੦ | ਸ: ਸਵਰਨ ਸਿੰਘ ਗਿਲ ਰੋਡ ਲੁਧਿਆਣਾ | ੫੦-੦੦ |
| ਸ: ਬਲਦੇਵ ਸਿੰਘ ਬਹਾਦਰਗੜ੍ਹ | ੫੧-੦੦ | ਬੀ: ਜਸਬੀਰ ਕੌਰ ਪੁਲ ਸੁਧਾਰ ਲੁਧਿਆਣਾ | ੧੦੦-੦੦ |
| ਸ: ਕੁਲਵੰਤ ਸਿੰਘ ਕਲਕੱਤਾ | ੨੫੧-੦੦ | ਗਿਆਨੀ ਨਿਰੰਜਨ ਸਿੰਘ ਮੁੰਦਰਾ ਡਰਬੀ | ੧੩੧੪-੦੦ |
| ਸ: ਮੋਹਨ ਸਿੰਘ ਬੁਲ੍ਹੋਵਾਲ | ੨੦੦-੦੦ | ਭਾਈ ਜਗਤਾਰ ਸਿੰਘ ਡਰਬੀ ਯੂ.ਕੇ, | |
| ਗੁਪਤ ਸੇਵਾ | ੫੦੦-੦੦ | (ਸੁਖਵਿੰਦਰ ਸਿੰਘ ਦੇ ਅਨੰਦ ਸਮੇਂ ਚੜ੍ਹਾਵਾ) | ੫੯੦੦-੦੦ |
| ਸ: ਸਤਨਾਮ ਸਿੰਘ ਪੱਟੀ | ੧੦੦-੦੦ | ਭਾਈ ਜਗਤਾਰ ਸਿੰਘ ਮੁੰਦਰਾ ਡਰਬੀ | ੪੪੦੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੨੦੦-੦੦ | ਗੁਪਤ ਸੇਵਾ | ੫੦੦-੦੦ |
| ਸ: ਪ੍ਰਦੱਮਣ ਸਿੰਘ ਜਲੰਧਰ | ੧੦੦-੦੦ | ਸ: ਨਿਰਮਲ ਸਿੰਘ ਦੁਲਮਾਂ (ਅਮੀਰਗੜ੍ਹ) | ੨੫੦-੦੦ |

ਸੋਧ—ਸੂਰਾ ਅਪ੍ਰੈਲ ੯੩ ਸ਼ਹੀਦੀ ਫੰਡ ਵਿਚ ਆਈਆਂ ਰਕਮਾਂ ਪ੍ਰੈਸ-ਟਾਈਪ ਘਸਿਆ ਹੋਣ ਕਰਕੇ ਛਪੀਆਂ ਰਕਮਾਂ

| | | | |
|---|---|---|---|
| ਸ: ਅਮਰਜੀਤ ਸਿੰਘ ਲੁਧਿਆਣਾ | ੩੦ -੦੦ | ਦੀ ਥਾਂ | ੩੦੦-੦੦ |
| ਕਾਕਾ ਕੁਲਜੀਤ ਸਿੰਘ ਲੁਧਿਆਣਾ | ੪ ੦-੦੦ | ਦੀ ਥਾਂ | ੪੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਲਈ ਸਹਾਇਤਾ

| | |
|---|---|
| ਸ: ਮਹਿੰਦਰ ਸਿੰਘ ਪਿੰਡ ਉਚਾ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ, ਘਰੇਲੂ ਲੋੜਾਂ | ੫੦੦੦-੦੦ |
| ਬੀ: ਗੁਰਪ੍ਰੀਤ ਕੌਰ ਪਤਨੀ ਸ: ਕੰਵਲਜੀਤ ਸਿੰਘ ਬਠਿੰਡਾ—ਪਤੀ ਲਾ-ਪਤਾ, ਘਰੇਲੂ ਲੋੜਾਂ | ੭੦੦੦-੦੦ |
| ਭਾ: ਹਰਬੰਸ ਸਿੰਘ ਬਹਿਬਲਪੁਰ—ਭਾ: ਸੁਰਜੀਤ ਸਿੰਘ ਜੇਲ, ਕੇਸ ਦੀ ਪੈਰਵੀ | ੫੦੦੦-੦੦ |
| ਭਾਈ ਸੇਵਾ ਸਿੰਘ ਨਵੀਂ ਦਿੱਲੀ—ਪੁਤਰ ਜੇਲ੍ਹ, ਗੁਜ਼ਾਰਾ ਮੁਸ਼ਕਲ | ੩੦੦੦-੦੦ |
| ਬੀਬੀ ਤੇਜਿੰਦਰ ਕੌਰ ਪਤਨੀ ਭਾਈ ਗੁਰਮੀਤ ਸਿੰਘ ਮੂਸੇ—ਘਰੇਲੂ ਹਾਲਤ ਮਾੜੀ | ੫੦੦੦-੦੦ |
| ਸ: ਬੰਤਾ ਸਿੰਘ ਪਿਤਾ ਭਾਈ ਗੁਰਦੀਪ ਸਿੰਘ ਜਲੂਪੁਰ ਖੈੜਾ—ਪੁਤਰ ਜੇਲ੍ਹ, ਘਰੇਲੂ ਲੋੜਾਂ | ੩੦੦੦-੦੦ |
| ਬੀਬੀ ਜੋਗਿੰਦਰ ਕੌਰ ਪਤਨੀ ਸ: ਤਾਰਾ ਸਿੰਘ ਸੈਫਲਾਬਾਦ—ਪੁਤਰ ਜੇਲ੍ਹ, ਪ੍ਰਵਾਰਕ ਲੋੜਾਂ | ੪੦੦੦-੦੦ |
| ਸ: ਗੁਰਨਾਮ ਸਿੰਘ ਪਿਤਾ ਭਾਈ ਅਵਤਾਰ ਸਿੰਘ ਨਵੀਂ ਦਿੱਲੀ—ਪੁਤਰ ਜੇਲ੍ਹ, ਘਰੇਲੂ ਲੋੜਾਂ | ੩੦੦੦-੦੦ |

## 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਗਈ ਪੁਜੀ ਸਹਾਇਤਾ

| | | | |
|---|---|---|---|
| ਗਿਆਨੀ ਸੰਤ ਸਿੰਘ ਫਜ਼ੂਪੁਰ | ੨੦੦-੦੦ | ਭਾਈ ਇੰਦਰਜੀਤ ਸਿੰਘ ਮੁਹਾਲੀ | ੭੫-੦੦ |
| ਭਾਈ ਜਗਤਾਰ ਸਿੰਘ ਟ੍ਰਾਂਟੋ (ਕੈਨੇਡਾ) | ੧੯੪੫-੦੦ | ਸੇਵਾਦਾਰ ਗੁਰਦਵਾਰਾ ਜੋਧਪੁਰ | ੧੦੦-੦੦ |
| ਭਾਈ ਦੁਰਲਭ ਸਿੰਘ ਦਿੱਲੀ | ੧੦੮੦-੦੦ | ਸ: ਸਤਨਾਮ ਸਿੰਘ ਮਿਸੀ ਸੋਗਾ, ਕੈਨੇਡਾ | ੪੦-੦੦ |
| ਸ: ਕਰਨੈਲ ਸਿੰਘ ਕੈਨੇਡਾ | ੧੫੦-੦੦ | ਬੀ. ਐਸ. ਚੱਢਾ, ਸਲੋਅ ਯੂ.ਕੇ. | ੧੫੦-੦੦ |

| | |
|---|---|
| ਭਾਈ ਸਤਨਾਮ ਸਿੰਘ ਭਕਨਾ ਕਪੂਰਥਲਾ—ਪਿਤਾ ਭਾਈ ਜੋਗਿੰਦਰ ਸਿੰਘ ਦੀ ਅੰਤਮ ਯਾਦ ਵਿਚ | ੧੦੦-੦੦ |
| ਭਾਈ ਸੁਜਾਨ ਸਿੰਘ ਖਤੌਲੀ ਯੂ.ਪੀ.—ਕਾਕਾ ਪਰਵਿੰਦਰ ਸਿੰਘ ਸ਼ਹੀਦੀ ਯਾਦ ਵਿਚ | ੫੦੧-੦੦ |
| ਸ: ਬਲਵੰਤ ਸਿੰਘ ਫ਼ਰੀਦਾਬਾਦ—ਬੱਚੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੦੧-੦੦ |
| ਬੀਬੀ ਤੇਜਵੰਤ ਕੌਰ ਬਲਾਂ—ਭਾਈ ਪੂਰਨ ਸਿੰਘ ਬਲ ਦੀ ਸਾਲਾਨਾ ਯਾਦ ਵਿਚ | ੧੦੦-੦੦ |

www.AKJ.Org

ਭਾਈ ਬਲਬੀਰ ਸਿੰਘ ਸਾਊਥਾਲ ਯੂ.ਕੇ.—ਸੂਰਾ ਦੀ ਚੜ੍ਹਦੀ ਕਲਾ ਲਈ

**ਨਾਰੰਗਵਾਲ ਵਿਖੇ ਭਾ: ਸਾ: ਰਣਧੀਰ ਸਿੰਘ ਜਨਮ-ਸ਼ਤਾਬਦੀ ਸਮਾਗਮ**
**੧੦ ਤੋਂ ੧੩ ਜੂਨ ੧੯੯੩—ਵੇਰਵਾ ਜੂਨ 'ਸੂਰਾ' ਵਿਚ**

**ਖੰਨਾ ਵਿਖੇ ਸਾਲਾਨਾ ਸਮਾਗਮ ੨੪ ਤੋਂ ੨੭ ਜੂਨ ੧੯੯੩—ਵੇਰਵਾ ਜੂਨ ਸੂਰਾ ਵਿਚ**

# ਸ਼ਹੀਦੀ ਗੁਰਪੁਰਬ ਸਾਲਾਨਾ ਕੀਰਤਨ ਸਮਾਗਮ ਹੁਸ਼ਿਆਰਪੁਰ

**ਅਖੰਡ ਕੀਰਤਨੀ ਜਥਿਆਂ ਵਲੋਂ ੨੨ ਮਈ ਸ਼ਨੀਵਾਰ ਸ਼ਾਮ ਤੋਂ ੨੬ ਮਈ ੧੯੯੩ ਬੁਧਵਾਰ ਸਵੇਰ ਤਕ**

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਸਮੇਂ ਪ੍ਰੋਗਰਾਮ—

22.5.93 ਸ਼ਾਮ 7 ਤੋਂ 9 ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ, 23-5-93 ਸਵੇਰੇ 5 ਤੋਂ 7-30 ਕੀਰਤਨ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਗੁ: ਸਿੰਘ ਸਭਾ ਰੇਲਵੇ ਰੋਡ, ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਸ੍ਰੀ ਕਲਗੀਧਰ ਚਰਨ ਪਾਵਨ ਮਾਡਲ ਟਾਊਨ, 24.5.93 ਸਵੇਰੇ 5 ਤੋਂ 12 ਅਖੰਡ ਕੀਰਤਨ ਗੁਰਦਵਾਰਾ ਭਾਈ ਜੋਗਾ ਸਿੰਘ ਜੀ ਮਹੱਲਾ ਸ਼ੇਖਾਂ, ਸ਼ਾਮ ਅਰੰਭ ਨਗਰ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਤੋਂ, 25.5. ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਇਕ ਵਜੇ ਤਕ ਅਖੰਡ ਕੀਰਤਨ, ਸ਼ਾਮ 6 ਵਜੇ ਅੰਮ੍ਰਿਤ-ਸਿੰਚਾਰ ਆਰੰਭ, ਸ਼ਾਮ 7 ਵਜੇ ਰੈਣ ਸਬਾਈ ਕੀਰਤਨ ਅਰੰਭ ਗੁ: ਸਿੰਘ ਸਭਾ ਮਾਡਲ ਟਾਊਨ, 26 ਮਈ ਸਵੇਰੇ 6 ਵਜੇ ਸਮਾਪਤੀ।

ਨੋਟ : (1) ਰਿਹਾਇਸ਼ ਲੰਗਰ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ। (2) ਲੋੜ ਅਨੁਸਾਰ ਬਿਸਤਰੇ ਲਿਆਓ ਜੀ।

ਪੁਛਗਿਛ : (1) ਭਾ: ਵੀਰ ਸਿੰਘ, ਗੁਰੂ ਨਾਨਕ ਜਨਰਲ ਸਟੋਰ (ਨੇੜੇ ਬਸ ਸਟੈਂਡ), (2) ਭਾਈ ਹਰਮਿੰਦਰ ਸਿੰਘ, ਬੈਂਕ ਬਜ਼ਾਰ, (3) ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ। ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ

## ਗੁਰੂ ਕੀ ਵਡਾਲੀ (ਅੰਮ੍ਰਿਤਸਰ) ਵਿਖੇ ਸਾਲਾਨਾ ਗੁਰਪੁਰਬ ਜਨਮ ਉਤਸ਼ਵ ਪਾ: ੬

2 ਤੋਂ 4 ਜੂਨ ਸ੍ਰੀ ਅਖੰਡਪਾਠ ਭਾਈ ਗੁਰਦਿਆਲ ਸਿੰਘ ਜੀ ਦੇ ਗ੍ਰਿਹ ਵਿਖੇ, ਉਪਰੰਤ 12 ਵਜੇ ਤਕ ਕੀਰਤਨ, 4 ਜੂਨ ਸ਼ਾਮ 5 ਤੋਂ 8 ਕੀਰਤਨ ਗੁ: ਦਮਦਮਾ ਸਾਹਿਬ ਗੁਰੂ ਕੀ ਵਡਾਲੀ, 5 ਜੂਨ ਸਵੇਰੇ 6 ਤੋਂ 12 ਕੀਰਤਨ ਗੁ: ਸ਼ਹੀਦ ਗੰਜ ਗੁਰੂ ਕੀ ਵਡਾਲੀ, ਸ਼ਾਮ ਰੈਣ ਸਬਾਈ ਕੀਰਤਨ ਅਰੰਭ ਗੁਰਦਵਾਰਾ ਜਨਮ ਅਸਥਾਨ ਪਾ: ੬, ਸਮਾਪਤੀ 6 ਜੂਨ ਸਵੇਰੇ 5 ਵਜੇ।

ਪੁਛਗਿਛ : ਭਾਈ ਬਾਲਾ ਸਿੰਘ, ਭਾਈ ਗੁਰਦਿਆਲ ਸਿੰਘ, ਗੁਰੂ ਕੀ ਵਡਾਲੀ, ਅੰਮ੍ਰਿਤਸਰ

**ਮਾਸਕ ਰੈਣ ਸਬਾਈ ਗੁਰੂ ਕੀ ਨਗਰੀ ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਮੰਡੀ ਗੋਬਿੰਦਗੜ੍ਹ ੮ ਮਈ**
**ਮੋਗਾ ਪੁਰਾਣੀ ਸਬਜ਼ ਮੰਡੀ, ਮੇਨ ਬਜ਼ਾਰ, ਗੁ: ਬਾਬਾ ਗੁਲਾਬ ਸਿੰਘ, ਰੈਣ ਸਬਾਈ ਕੀਰਤਨ ੧੫ ਮਈ**
**ਪਿੰਡ ਛੋਟੇ ਘੁੰਮਣ, ਗੁ: ਸਾਹਿਬ, ਭੋਗ ਅਖੰਡ ਪਾਠ ਉਪ੍ਰੰਤ ਕੀਰਤਨ, ਰਾਤ ਰੈਣ ਸਬਾਈ ੧੫ ਮਈ**
**ਗੁਰਦਵਾਰਾ ਕਾਕੀ ਪਿੰਡ ਰਾਮਾ ਮੰਡੀ ਜਲੰਧਰ ਛਾ:, ਭੋਗ ਅਖੰਡਪਾਠ, ਦੁਪਹਿਰ ਤਕ ਕੀਰਤਨ ੩੦ ਮਈ**

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) ਮਿਤੀ 22.5.93 ਰੈਣ ਸਬਾਈ ਕੀਰਤਨ ਗੁ: ਸਿੰਘ ਸਭਾ, ਹੈਵਲਾਕ ਰੋਡ, ਸਾਊਥਾਲ, ਗੁ: ਫ਼ੋਨ 081-574-8901 ਭਾ: ਸਤਨਾਮ ਸਿੰਘ ਫ਼ੋਨ 081-571-4690

(2) (ਲੋਕਲ ਪ੍ਰੋਗਰਾਮ) 18 ਤੋਂ 20 ਜੂਨ ਅਖੰਡਪਾਠ ਤੇ ਕੀਰਤਨ ਗ੍ਰਿਹ ਭਾ: ਗੁਰਨਾਮ ਸਿੰਘ (ਹੇਠ ਦਿਤੇ ਐਡਰੈਸ ਤੇ) 22ਵੇਂ ਸਾਲ ਵਿਚ ਪਰਵੇਸ਼ ਕਰਦੀ ਪੜ੍ਹ ਰਹੀ ਬੱਚੀ ਸ਼ਰਨਜੀਤ ਕੌਰ ਦੀ ਚੜ੍ਹਦੀ ਕਲਾ ਲਈ।

**ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-262900)**
**Bhai Gurnam Singh, 10-Lambourne Gardens, Earley, Reading, Berk, U.K.**

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ :

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕਿਟ, ਅਜੀਤ ਨਗਰ ਸੀ ਅੰਮਿਤਸਰ—143006**

www.AKJ.org